Designer & Customized
WEDDING
CARDS & BOXES
Shagun Envelopes & Saha Chithi
More Than 500 Designs
of Wedding Cards & Boxes
More info Call us or Whatsapp:
+91-988881 88887, 988882 88887
weddingsea@gmail.com

SEA DESIGN COMPANY

ਰੋਜ਼ਾਨਾ

ਸ਼ਹੀਦ-ਏ-ਆਜ਼ਮ

SHAHEED-E-AZAM, DAILY PUNJABI NEWSPAPER, PATIALA
ਰੋਜ਼ਾਨਾ ਪੰਜਾਬੀ ਅਖ਼ਬਾਰ, ਪਟਿਆਲਾ

Shaheed-e-Azam
PRINTING PRESS
Customized and Designer
- Wedding Invitations
- Wedding Boxes
(MDF/Acrylic/Folding)
- Shagan Envelop
- Sahi Chithi
98881-88887

PRGI (RNI) Regd. No. 42354 | Website : www.shaheedeazamnews.com | e-mail:seanewspatiala@gmail.com | Tel.: 0175-5124275, 9814632807 | Facebook: ShaheedeAzamnews | Youtube: @ShaheedeAzamnews

Year: 43 Issue : 131 Chief Editor : Chowdhary Prabhjit Singh, Editor : Chhatarpal Singh 98146-32807, Sunday 8 November 2026 Price : 2 Rs. Page : 6

ਭਾਰਤੀ ਸਮਾਜ ਦੇ ਤਿਉਹਾਰਾ ਵਿਚੋ ਦੀਵਾਲ਼ੀ ਇਕ ਪ੍ਰਮੁੱਖ ਤਿਉਹਾਰ

ਭਾਰਤੀ ਸਮਾਜ ਨੂੰ ਤਿਉਹਾਰਾ ਦਾ ਦੇਸ਼ ਵੀ ਕਿਹਾ ਜਾਂਦਾ ਹੈ ਕਿਉ ਕਿ ਇਥੇ ਦੇ ਸਮਾਜ ਵਿਚ ਤਿਉਹਾਰ ਇਕ ਮਹੱਤਵਪੂਰਨ ਰੋਲ਼ ਅਦਾ ਕਰਦੇ ਹਨ। ਇਹ ਤਿਉਹਾਰ ਕਈ ਕਿਸਮਾਂ ਦੇ ਹੁੰਦੇ ਹਨ ਜੋ ਸਾਡੀ ਵਿਸ਼ੇਸ਼ ਸਮਾਜਿਕ ਜਰੂਰਤ, ਜ਼ੁੰਮੇਵਾਰੀ ਅਤੇ ਮਨੋਰੰਜਨ ਨਾਲ਼ ਸੰਬੰਧਤ ਹੁੰਦੇ ਹਨ। ਇਹ ਵੱਖ ਵੱਖ ਸੰਸਕ੍ਰਿਤੀ ਦੇ ਲ਼ੋਕਾਂ ਦੁਆਰਾ ਆਪਣੀ ਸੰਸਕ੍ਰੀਤੀ ਅਨੁਸਾਰ ਵੱਖ ਵੱਖ ਰਸਮਾਂ ਦੁਅਰਾ ਮਨਾਏ ਜਾਂਦੇ ਹਨ। ਇਹਨਾ ਨਾਲ਼ ਹੀ ਭਾਰਤੀ ਵਿਰਾਸਤ ਦਾ ਵੱਖਰਾ ਰੰਗ ਬਣਦਾ ਹੈ। ਇਨਾ ਵਿਚੋ ਕੁਝ ਤਿਉਹਾਰ ਨਵੇ ਸਾਲ਼ ਤੇ ਮੌਸਮਾਂ ਦੀ ਆਮਦ, ਮੀਹ, ਚੰਦਰਮਾਂ ਦੇ ਨਾਲ਼ ਅਤੇ ਫਸਲ਼ਾ ਦੇ ਪੱਕਣ ਦੇ ਨਾਲ਼ ਜੁੜੇ ਹੁੰਦੇ ਹਨ ਅਤੇ ਇਸ ਦੇ ਨਾਲ਼ ਹੀ ਧਰਮ ਨਾਲ਼ ਸੰਬੰਧਤ ਜਿਨਾ ਵਿਚ ਗੁਰੂ ਸੰਤਾਂ ਦੇ ਗੁਰਪੁਰਬ, ਸ਼ਹੀਦੀ ਦਿਹਾੜੇ ਮਨਾਏ ਜਾਂਦੇ ਹਨ। ਇਨਾ ਵਿਚੋ ਤਕਰੀਬਨ ਕਈ ਤਿਉਹਾਰ ਸਾਰੇ ਭਾਰਤ ਵਿਚ ਹੀ ਮਨਾਏ ਜਾਂਦੇ ਹਨ, ਭਾਵੇ ਇਨਾ ਨੂੰ ਵੱਖ ਵੱਖ ਨਾਮ ਨਾਲ਼ ਜਾਣਿਆ ਜਾਂਦਾ ਹੈ ਅਤੇ ਇਨਾ ਨੂੰ ਮਨਾਉਣ ਦਾ ਤਰੀਕਾ ਵੀ ਵੱਖਰਾ ਵੱਖਰਾ ਹੁੰਦਾ ਹੈ। ਇਨਾਂ ਸਾਰੇ ਤਿਉਹਰਾਂ ਨਾਲ਼ ਕੁੱਝ ਧਾਰਮਿਕ ਰਸਮਾਂ ਜਿਨਾਂ ਵਿਚ ਪ੍ਰਾਥਨਾ (ਅਰਦਾਸ), ਅਸ਼ੀਰਵਾਦ ਦੀ ਪ੍ਰਾਪਤੀ, ਕੁੱਝ ਤੋਹਫੇ ਦਾ ਵਟਾਂਦਰਾ, ਘਰਾਂ ਦੀ ਸਜਾਵਟ, ਨਵੇ ਕੱਪੜੇ ਪਹਿਨਣਾ, ਪਾਠ-ਪੂਜਾ, ਆਦਿ ਦੇ ਕਾਰਜ ਜੁੜੇ ਹੁੰਦੇ ਹਨ। ਇਸੇ ਤਰਾਂ ਸਿੱਖ ਧਰਮ ਵਿਚ ਵੀ ਕੁੱਝ ਤਿਉਹਾਰ ਅਤੇ ਗੁਰਪੂਰਬ ਮਨਾਏ ਜਾਂਦੇ ਹਨ। ਇਨ੍ਹਾਂ ਗੁਰੂ ਪੁਰਬਾਂ ਦੀ ਸਿੱਖ ਧਰਮ ਵਿਚ ਆਪਣੀ ਹੀ ਮਹੱਤਤਾ ਹੈ ਇਸ ਦਿਨਾਂ ਗੁਰਦੁਆਰਾ ਸਾਹਿਬ ਵਿਖੇ ਰੱਖੇ ਅਖੰਡ ਪਾਠ ਦਾ ਭੋਗ ਪਾਇਆ ਜਾਂਦਾ ਹੈ ਅਤੇ ਕੀਰਤਨ, ਕਥਾ ਕੀਰਤਨ ਸਮਾਗਮ ਕਰਵਾਏ ਜਾਂਦੇ ਹਨ। ਭਾਰਤੀ ਸਮਾਜ ਇਕ ਅਜਿਹਾ ਸਮਾਜ ਹੈ ਜਿਸ ਵਿਚ ਧਰਮ ਦਾ ਬਹੁਤ ਜਿਆਦਾ ਮਹੱਤਵ ਹੈ, ਇਹ ਹੀ ਵਿਆਕਤੀ ਦੇ ਸਾਰੇ ਪੱਖ ਸਮਾਜਿਕ, ਆਰਥਿਕ, ਮਾਨਸਿਕ ਅਤੇ ਰਾਜਨੀਤਕ ਨੂੰ ਪ੍ਰਭਾਵਿਤ ਕਰਦਾ ਹੈ। ਪ੍ਰਾਚੀਨ ਸਮੇ ਵਿਚ ਤਾਂ ਇਸ ਦਾ ਬਹੁਤ ਹੀ ਜਿਆਦਾ ਮਹੱਤਵ ਸੀ। ਭਾਰਤ ਵਿਚ ਮੁੱਖ ਚਾਰ ਧਰਮ ਪਾਏ ਜਾਂਦੇ ਹਨ ਸਿੱਖ ਧਰਮ ਵੀ ਉਨਾ ਵਿਚ ਇਕ ਹੈ। ਸਿੱਖ ਧਰਮ ਜੋ ਕਿ ਇਕ ਸਾਂਝਾ ਧਰਮ ਮੰਨਿਆ ਜਾਂਦਾ ਹੈ। ਸਿੱਖ ਧਰਮ ਸੰਸਾਰ ਦੇ ਵਿਚ ਪਾਏ ਜਾਣ ਵਾਲ਼ੇ ਵੱਡੇ ਧਰਮਾਂ ਵਿਚੋ ਪੰਜਵੇ ਨੰਬਰ ਤੇ ਹੈ ਇਸ ਵਿਚ ਸਮਾਨਤਾ ਦੇ ਗੁਣ ਕਰਕੇ ਕੋਈ ਵੀ ਇਸ ਵਿਚ ਆ ਸਕਦਾ ਹੈ ਭਾਵ ਸਿੱਖ ਧਰਮ ਅਪਨਾ ਸਕਦਾ ਹੈ। ਸਿੱਖ ਧਰਮ ਇਕ ਅਜਿਹਾ ਧਰਮ ਹੈ ਜਿਸ ਵਿਚ ਕਰਮ ਕਾਡਾ ਦੀ ਕੋਈ ਥਾ ਨਾ ਹੋ ਕਿ ਸਿਰਫ ਸੱਚਾਈ, ਸਦਾਚਾਰ ਅਤੇ ਸਮਾਨਤਾ ਦੇ ਗੁਣ ਹਨ। ਸਿੱਖ ਰਹਿਤ ਮਰਿਯਾਦਾ ਅਨੁਸਾਰ ਸਿੱਖ ਵਿਆਕਤੀ ਉਹ ਹੈ ਜੋ ਆਪਣੇ ਇਕ ਅਕਾਲ਼ ਪੁਰਖ ਅਤੇ ਦਸਾਂ ਗੁਰੂ ਸਾਹਿਬਾਨ ਅਤੇ ਦਸਾਂ ਗੁਰੂਆਂ ਦੀ ਜੋਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਉਤੇ ਵਿਸਵਾਸ਼ ਰੱਖਦਾ ਹੈ ਅਤੇ ਹੋਰ ਕੋਈ ਦੇਹ ਧਾਰੀ ਗੁਰੂ ਨੂੰ ਨਹੀ ਮੰਨਦਾ। ਇਸ ਤਰਾਂ ਸਿੱਖ ਦਾ ਜੀਵਨ ਇਕ ਮਰਿਆਦਾ ਅਨੁਸਾਰ ਗ੍ਰਹਿਸਤ ਵਿਚ ਰਹਿ ਕੇ ਆਪਣੀਆ ਪਰਿਵਾਰਕ, ਸਮਾਜਕ ਜ਼ੁੰਮੇਵਾਰੀਆਂ ਨਿਭਾਉਣ ਵਾਲ਼ਾ ਹੈ, ਜੋ ਕਿ ਕਾਫੀ ਸ਼ਲ਼ਾਘਾਯੋਗ ਹੈ। ਸਿੱਖ ਧਰਮ ਵਿਚ ਅਮ੍ਰਿਤ ਦੀ ਦਾਤ ਭਾਵ ਅਮ੍ਰਿਤ ਛਕਣਾ ਦਾ ਬਹੁਤ ਹੀ ਮਹੱਤਵ ਹੈ। ਇਸ ਨਾਲ਼ ਜੁੜੇ ਪੰਜ ਕਕਾਰ (ਕੇਸ, ਕੰਘਾ, ਕਛਿਹਰਾ, ਕੜਾ ਅਤੇ ਕਿਰਪਾਨ) ਹਨ ਜਿਨਾ ਦਾ ਇਕ ਸਿੱਖ ਅਮ੍ਰਿਤ ਧਾਰੀ ਲ਼ਈ ਜਰੂਰੀ ਹਨ ਇਸੇ ਤਰਾਂ ਰੋਜਾਨਾ ਅਮ੍ਰਿਤ ਵੇਲ਼ੇ (ਸਵੇਰੇ ੩ ਵਜੇ ਤੋ ੬ ਵਜੇ ਤੱਕ ਦਾ ਸਮਾ) ਉਠ ਕੇ ਇਸ਼ਨਾਨ ਕਰਕੇ ਨਿਤਨੇਮ ਦੀਆਂ ੫ ਬਾਣੀਆਂ (ਜਪੁ ਜੀ ਸਾਹਿਬ, ਜਾਪੁ ਸਾਹਿਬ, ਤਪ੍ਰਸਾਦਿ ਸਯੇ, ਚੌਪਈ ਸਾਹਿਬ ਅਤੇ ਅਨੰਦੁ ਸਾਹਿਬ) ਦਾ ਪਾਠ ਕਰਨਾ ਜਰੂਰੀ ਹੈ ਇਸੇ ਤਰਾਂ ਸ਼ਾਮ ਦੇ ਸਮੇ ਸੂਰਜ ਛਿਪਣ ਦੇ ਸਮੇ ਨਾਲ਼ ਰਹਰਾਸਿ ਸਾਹਿਬ ਅਤੇ ਰਾਤ ਨੂੰ ਸੌਣ ਲ਼ਗਿਆ ਕਰਿਤਨ ਸੋਹਿਲ਼ਾ ਦਾ ਪਾਠ ਕਰਨਾ ਜਰੂਰੀ ਹੈ, ਇਸ ਤੋ ਇਲ਼ਾਵਾ ਹੋਰ ਬਾਣੀਆ ਦਾ ਪਾਠ ਵੀ ਕਰਦੇ ਹਨ ਜਿਵੇ ਕਿ ਸੁਖਮਣੀ ਸਾਹਿਬ ਆਦਿ ਦਾ। ਆਮ ਰੋਜਾਨਾ ਦੇ ਕਾਰਜਾਂ ਦੇ ਨਾਲ਼ ਨਾਲ਼ ਗੁਰਦਾਅਰਾ ਸਾਹਿਬ ਜਾਣਾ ਕੀਰਤਨ ਸੁਣਦੇ ਅਤੇ ਸੰਗਤ ਕਰਦੇ ਹਨ। ਇਸੇ ਤਰਾਂ ਰੋਜਾਨਾ ਦੇ ਕੰਮਾਂ ਕਾਰਾ ਦੇ ਨਾਲ਼ ਨਾਲ਼ ਕੋਈ ਨਵੇ ਕੰਮ ਦੀ ਸ਼ੁਰੂਆਤ ਵੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਅਰਦਾਸ ਕਰਕੇ ਗੁਰੂ ਦਾ ਨਾਮ ਦੇ ਨਾਲ਼ ਹੀ ਕੀਤੇ ਜਾਂਦੇ ਹਨ। ਭਾਰਤੀ ਸਮਾਜ ਦੇ ਤਿਉਹਾਰਾ ਵਿਚੋ ਦੀਵਾਲ਼ੀ ਇਕ ਪ੍ਰਮੁੱਖ ਤਿਉਹਾਰ ਹੈ ਜਿਹੜਾ ਸਿੱਖ ਧਰਮ, ਜੈਨ ਧਰਮ ਅਤੇ ਹਿੰਦੂ ਧਰਮ ਨਾਲ਼ ਸੰਬੰਧਤ ਹੈ। ਇਹ ਤਿਉਹਾਰ ਤਕਰੀਬਨ ਸਾਲ਼ ਦੇ ਅਕਤੂਬਰ/ਨੰਵਬਰ ਮਹੀਨੇ ਵਿਚ ਆਉਦਾ ਹੈ। ਦੀਵਾਲ਼ੀ ਦਾ ਤਿਉਹਾਰ ਦੀਪ ਮਾਲ਼ਾ ਨਾਲ਼ ਜੁੜਿਆ ਹੋਇਆ ਹੈ। ਇਸ ਨੂੰ ਦੀਪਾ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ ਇਸ ਤਿਉਹਾਰ ਦੀ ਹਰ ਧਰਮ ਵਿਚ ਆਪਣੀ ਹੀ ਮੱਹਤਤਾ ਹੈ ਜੈਨ ਧਰਮ ਦੇ ਲ਼ੋਕਾ ਦਾ ਵਿਸ਼ਵਾਸ਼ ਹੈ ਕਿ ਇਸ ਦਿਨ ਹਜਾਰਾਂ ਸਾਲ਼ ਪਹਿਲ਼ਾ ੧੫ ਅਕਤੂਬਰ ਨੂੰ ਉਨਾ ਦੇ ਗੁਰੂ ਲ਼ਾਰ ਮਹਾਵੀਰ ਜੀ ਦਾ ਜਨਮ ਹੋਇਆ ਸੰ ਇਹ ਲ਼ੋਕ ਇਸ ਖ਼ੁਸ਼ੀ ਵਿਚ ਇਸ ਮਨਾਉਦੇ ਹਨ। ਇਸੇ ਤਰਾਂ ਹਿੰਦੂ ਧਰ



ਵਿਚ ਵੀ ਇਸ ਦਾ ਸੰਬੰਧ ਅਯੋਧਿਆ ਦੇ ਰਾਜਾ ਸ਼੍ਰੀ ਰਾਮ ਚੰਦਰ ਜੀ ਨਾਲ਼ ਸੰਬੰਧਤ ਹੈ ਇਸ ਦਿਨ ਸ਼੍ਰੀ ਰਾਮ ਚੰਦਰ ਜੀ ਅਪਣਾ ੧੪ ਸਾਲ਼ ਦਾ ਬਨਵਾਸ ਕੱਟ ਕੇ ਆਪਣੇ ਰਾਜ ਵਿਚ ਵਾਪਸ ਆਏ ਸਨ ਲ਼ੋਕਾ ਨੇ ਇਸ ਖ਼ੁਸ਼ੀ ਵਿਚ ਦੇਸੀ ਘਿਉ ਦੀ ਦੀਪ ਮਾਲ਼ਾ ਕੀਤੀ ਅਤੇ ਮਿਠਾਈਆ ਵੰਡੀਆ ਸਨ ਇਸ ਤੋ ਬਾਅਦ ਹਰੇਕ ਸਾਲ਼ ਇਹ ਤਿਉਹਾਰ ਦੀਪ ਮਾਲ਼ਾ ਦੇ ਵਜੋ ਮਨਾਇਆ ਜਾਣ ਲ਼ੱਗਾ, ਇਸੇ ਤਰਾਂ ਇਸ ਤਿਉਹਾਰ ਦਾ ਸੰਬੰਧ ਸਿੱਖ ਧਰਮ ਨਾਲ਼ ਵੀ ਗੂੜਾ ਸੰਬੰਧ ਹੈ ਜਿਸ ਦਾ ਸੰਬੰਧ ਸਿੱਖਾ ਦੇ ੬ ਵੇ ਗੁਰੂ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ਼ ਸੰਬੰਧਤ ਹੈ ਇਸ ਦਿਨ ਸਿੱਖਾ ਦੇ ਛੇਵੇ ਗੁਰੂ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਗਵਾਲ਼ੀਅਰ ਦੇ ਕਿਲ਼ੇ ਵਿਚੋ ੫੨ ਰਾਜਿਆ ਸਮੇਤ ਰਿਹਾ ਹੋ ਕਿ ਬਾਹਰ ਆਏ ਸਨ ਇਸ ਖ਼ੁਸ਼ੀ ਵਿਚ ਸਿੱਖ ਸੰਗਤਾ ਨੇ ਮਿਠਾਈਆ ਵੰਡੀਆਂ ਅਤੇ ਦੀਪ ਮਾਲ਼ਾ ਕੀਤੀ ਸੀ ਉਸ ਦਿਨ ਤੋ ਬਾਅਦ ਇਹ ਦਿਨ ਬੰਦੀ ਛੋੜ ਦਿਵਸ ਵੱਜੋ ਮਨਾਇਆ ਜਾਣ ਲ਼ੱਗਾ। ਇਸੇ ਤਰਾਂ ਅੱਜ ਵੀ ਸਿੱਖ ਸੰਗਤਾ ਆਪਣੇ ਘਰਾ ਗੁਰਦੁਆਰੇ ਵਿਚ ਦੀਪ ਮਾਲ਼ਾ ਕਰਦੇ ਹਨ। ਭਾਰਤ ਤੋ ਇਲ਼ਾਵਾ ਹੋਰ ਦੇਸ਼ਾ ਵਿਚ ਵੀ ਦੀਵਾਲ਼ੀ ਵੱਖ ਵੱਖ ਨਾਮਾ ਨਾਲ਼ ਮਨਾਈ ਜਾਂਦੀ ਹੈ। ਸਿੱਖ ਧਰਮ ਵਿਚ ਦੀਵਾਲ਼ੀ ਦਾ ਲ਼ੱਛਮੀ ਦੀ ਪੂਜਾ ਆਦਿ ਨਾਲ਼ ਕੋਈ ਸੰਬੰਧ ਨਹੀਂ ਹੈ ਸਿੱਖ ਧਰਮ ਵਿਚ ਦੀਵਾਲ਼ੀ ਦਾ ਤਿਉਹਾਰ ਬੰਦੀਛੋੜ ਦਿਵਸ ਦੇ ਨਾਮ ਨਾਲ਼ ਮਨਾਇਆ ਜਾਂਦਾ ਹੈ ਇਸ ਦਿਨ ਸਿੱਖ ਆਪਣੇ ਗੋਰਵਮਾਈ ਇਤਿਹਾਸ ਨੂੰ ਯਾਦ ਕਰਦੇ ਹੋਏ ਮਾਣ ਮਹਿਸੂਸ ਕਰਦੇ ਹਨ। ਇਸ ਦਿਨ ਸੂਰਬੀਰਾਂ ਅਤੇ ਸ਼ਹੀਦਾ ਨੂੰ ਵੀ ਯਾਦ ਕੀਤਾ ਜਾਂਦਾ ਹੈ। ਇਸ ਦਿਨ ਸਿੱਖਾ ਦੇ ਛੇਵੇ ਗੁਰੂ ਸ਼੍ਰੀ ਗੁਰੂ ਹਰਗੋਬਿਦ ਸਾਹਿਬ ਗਵਾਲ਼ੀਅਰ ਦੇ ਕਿਲ਼ੇ ਵਿਚੋ ੫੨ ਰਾਜਿਆ ਸਮੇਤ ਰਿਹਾ ਹੋ ਕਿ ਬਾਹਰ ਆਏ ਸਨ ਅੰਮ੍ਰਿਤਸਰ ਦੀ ਦੀਵਾਲ਼ੀ ਸਿੱਖਾ ਵਿਚ ਵਿਸ਼ੇਸ਼ ਸਥਾਨ ਰੱਖਦੀ ਹੈ। ਮਹਾਨਕੋਸ਼ ਅਨੁਸਾਰ ਗੁਰੂ ਸ਼੍ਰੀ ਗੁਰੂ ਹਰਗੋਬਿਦ ਸਾਹਿਬ ਜੀ ਦਾ ਜਨਮ ੧੪ ਜੂਨ ੧੫੯੫ ਈ ਨੂੰ ਅੰਮ੍ਰਿਤਸਰ ਨੇੜੇ ਵਡਾਲ਼ੀ ਗੁਰੂ ਵਿਖੇ ਮਾਤਾ ਗੰਗਾ ਜੀ ਦੀ ਕਖੋ ਸਿੱਖਾ ਦੇ ੫ ਵੇ ਗੁਰੂ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਹੋਇਆ। ਇਨਾ ਨੇ ਬਚਪਨ ਵਿਚ ਹੀ ਧਾਰਮਿਕ ਸਿੱਖਿਆ ਭਾਈ ਗੁਰਦਾਸ ਜੀ ਤੋ ਪ੍ਰਾਪਤ ਕੀਤੀ ਅਤੇ ਸ਼ਸਤਰ ਵਿੱਦਿਆ, ਤਲ਼ਵਾਰਬਾਜੀ ਅਤੇ ਤੀਰਅੰਦਾਜੀ ਦੀ ਸਿੱਖਿਆ ਬਾਬਾ ਬੁੱਢਾ ਜੀ ਤੋ ਪ੍ਰਾਪਤ ਕੀਤੀ। ੩੦ ਮਈ ਨੂੰ ਜਹਾਂਗੀਰ ਦੇ ਹੁਕਮ ਅਨੁਸਾਰ ਗੁਰੂ ਅਰਜਨ ਦੇਵ ਜੀ ਨੂੰ ਲ਼ਾਹੌਰ ਵਿਖੇ ਸ਼ਹੀਦ ਕਰ ਦਿੱਤਾ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਬਾਅਦ ਵੀ ਮੁਗਲ਼ ਸਰਕਾਰ ਦੇ ਜ਼ੁਲ਼ਮ ਜਾਰੀ ਰਹੇ। ਇਧਰ ਸ਼੍ਰੀ ਗੁਰੂ ਹਰਗੋਬਿਦ ਸਾਹਿਬ ਜੀ ਨੇ ਆਪਣੇ ਲ਼ਈ ਸ਼ਸਤਰਾਂ ਦਾ ਧਰਨ ਕਰਨਾ ਠੀਕ ਸਮਝਿਆ ਗੁਰੂ ਜੀ ਨੇ ਦੋ ਤਲ਼ਵਾਰਾ ਪਹਿਨੀਆ ਅਤੇ ਦਸਤਾਰ ਤੇ ਕਲ਼ਗੀ ਸਜਾਈ। ਸ਼੍ਰੀ ਗੁਰੂ ਹਰਗੋਬਿਦ ਸਾਹਿਬ ਜੀ ਨੇ ਨਵੀ ਨੀਤੀ ਨੂੰ ਜਨਮ ਦਿੱਤਾ ਜਿਸ ਤੋ ਇਹ ਪ੍ਰਤੱਖ ਹੋ ਗਿਆ ਕਿ ਦੋ ਤਲ਼ਵਾਰਾਂ ਮੀਰੀ ਤੇ ਪੀਰੀ ਦੀਆਂ ਪ੍ਰਤੀਕ ਹਨ ਅਤੇ ਸੰਸਕਾਰਾਂ ਤੇ ਅਧਿਆਤਮਕ ਕਾਰਜ ਨਾਲ਼ੋ ਨਾਲ਼ੋ ਚੱਲ਼ਣਗੇ। ਗੁਰੂ ਸਹਿਬ ਦੇ ਦੋ ਤਲ਼ਵਾਰਾਂ ਧਾਰਨ ਕਰਨ ਨਾਲ਼ ਸਿੱਖ ਸੰਗਤਾਂ ਵਿਚ ਜ਼ੁਲ਼ਮ ਵਿਰੁੱਧ ਡਟਣ ਲ਼ਈ ਜੋਸ਼ ਠਾਠਾਂ ਮਾਰਨ ਲ਼ੱਗ ਪਿਆ। ਉਨਾਂ ਨੇ ਦੇਗ ਅਤੇ ਤੇਗ ਤੇ ਇਕੋ ਜਿਹਾ ਬਲ਼ ਦਿੱਤਾ ਤੇ ਇਸ ਤਰਾਂ ਸਿੱਖਾ ਨੂੰ ਭਵਿੱਖ ਚ ਹੋਣ ਵਾਲ਼ੇ ਸੰਘਰਸ਼ ਲ਼ਈ ਤਿਆਰ ਕੀਤਾ ਗੁਰੂ ਜੀ ਨੇ ਸਮੂਹ ਸਿੱਖ ਸੰਗਤਾਂ ਨੂੰ ਹੁਕਮ ਜਾਰੀ ਕੀਤੇ ਕਿ ਸੰਗਤਾਂ ਗੁਰੂ ਘਰ ਦੇ ਦਰਸ਼ਨਾਂ ਲ਼ਈ ਆਉਣ ਸਮੇਂ ਘੋੜੇ, ਸ਼ਸਤਰ ਆਦਿ ਭੇਟਾ ਕਰਨ ਅਤੇ ਖੁਦ ਵੀ ਜਾਲ਼ਮ ਹਕੂਮਤ ਨਾਲ਼ ਲ਼ੋਹਾ ਲ਼ੈਣ ਲ਼ਈ ਤਿਆਰ ਬਰ ਤਿਆਰ ਰਹਿਣਾਂ।

ਇਸ ਤਰਾਂ ਗੁਰੂ ਜੀ ਦੀ ਸੈਨਿਕ ਸ਼ਕਤੀ, ਗੁਰੂ ਜੀ ਦੇ ਸੇਵਕਾ ਦੀ ਵੱਧਦੀ ਗਿਣਤੀ ਅਤੇ ਹੋਰ ਦਬ ਦਬਾ ਨੂੰ ਦੇਖਦੇ ਹੋਏ ਸਥਾਨਕ ਅਫਸਰਾਂ ਨੇ ਸਮਰਾਟ ਨੂੰ ਸੂਚਨਾਂਵਾਂ ਭੇਜਣੀਆ ਸ਼ੁਰੂ ਕਰ ਦਿੱਤੀਆਂ ਅਤੇ ਕਈ ਗਲ਼ਤ ਅਫਵਾਹਾਂ ਦਾ ਵੀ ਪ੍ਰਚਾਰ ਕੀਤਾ ਗੁਰੂ ਜੀ ਆਪਣੇ ਪਿਤਾ ਜੀ ਦੀ ਸ਼ਹੀਦੀ ਦਾ ਬਦਲ਼ਾ ਲ਼ੈਣ ਲ਼ਈ ਇਹ ਸਾਰੀ ਸੈਨਿਕ ਸ਼ਕਤੀ ਆਦਿ ਵਧਾ ਰਹੇ ਹਨ। ਬਾਦਸ਼ਹ ਜਹਾਂਗੀਰ ਗੁਰੂ ਸਾਹਿਬ ਦੀ ਵਧਦੀ ਪ੍ਰਤਿਸ਼ਠਾ ਅਤੇ ਵਧਦੀ ਸੈਨਿਕ ਸ਼ਕਤੀ ਤੋ ਘਬਰਾ ਗਿਆ। ਉਸ ਨੇ ਗੁਰੂ ਜੀ ਨੂੰ ਬੁਲ਼ਾਵਾ ਕੇ ਗਵਾਲ਼ੀਅਰ ਦੇ ਕਿਲ਼ੇ ਵਿਚ ਨਜ਼ਰਬੰਦ ਕਰ ਦਿੱਤਾ, ਜਿੱਥੇ ਪਹਿਲ਼ਾ ਹੀ ਬਾਦਸ਼ਹ ਦੀਆਂ ਨੀਤੀਆ ਦਾ ਵਿਰੋਧ ਕਰ ਚੁੱਕੇ ਹਿੰਦੂ ਰਾਜਪੂਤ ਪਹਾੜੀ ਰਾਜੇ ਕੈਦ ਸਨ। ਸ਼੍ਰੀ ਗੁਰੂ ਹਰਗੋਬਿਦ ਸਾਹਿਬ ਜੀ ਦੀ ਗਵਾਲ਼ੀਅਰ ਕਿਲ਼ੇ ਵਿਚ ਕੈਦ ਹੋਣ ਦੀ ਖ਼ਬਰ ਸਿੱਖ ਸੰਗਤਾ ਵਿਚ ਫੈਲ਼ ਗਈ ਤਾਂ ਸਿੱਖ ਸੰਗਤਾ ਦਾ ਇੱਕ ਵੱਡੇ ਜੱਥੇ ਦੇ ਰੂਪ ਵਿਚ ਬਾਬਾ ਬੁੱਢਾ ਜੀ ਦੀ ਅਗਵਾਈ ਹੇਠ ਕਿਲ਼ੇ ਵੱਲ਼ ਵਹੀਰਾਂ ਘੱਤ ਦਿੱਤੀਆ ਅਤੇ ਹਰ ਸਿੱਖ ਗੁਰੂ ਜੀ ਦੇ ਦਰਸ਼ਨਾਂ ਦੀ ਤਾਂਘ ਕਰਨ ਲ਼ੱਗ ਪਿਆ। ਸਿੱਖਾਂ ਦੇ ਭਾਰੀ ਇਕੱਠ ਤੋ ਘਬਰਾ ਕੇ ਅਤੇ ਸਾਈ ਮੀਰਾ ਮੀਰ ਦੀਆਂ ਨਸੀਹਤਾਂ ਨੂੰ ਮੰਨ ਕੇ ਬਾਦਸ਼ਾਹ ਜਾਹਾਂਗੀਰ ਨੇ ਗੁਰੂ ਜੀ ਨੂੰ ਰਿਹਾਅ ਕਰ ਦੇਣ ਦਾ ਮਨ ਬਣਾਇਆ। ਗੁਰੂ ਜੀ ਨੇ ਤਦ ਤਕ ਰਿਹਾਅ ਹੋਣ ਤੋ ਨਾਂਹ ਕਰ ਦਿੱਤੀ ਜਦ ਤਕ ਉਨਾ ਦੇ ਨਾਲ਼ ਕੈਦੀ ੫੨ ਰਾਜੇ ਵੀ ਛੱਡੇ ਜਾਣ। ਇਸ ਤੋ ਗੁਰੂ ਜੀ ਮਹਾਨਤਾ ਅਤੇ ਦੂਸਰਿਆ ਪ੍ਰਤੀ ਦਰਦ ਪ੍ਰਗਟ ਹੁੰਦਾ ਹੈ ਅਤੇ ਸਾਨੂੰ ਵੀ ਇਸ ਤੋ ਇਹੋ ਸਿੱਖਿਆ ਮਿਲ਼ਦੀ ਹੈ ਸਾਨੂੰ ਵੀ ਆਪਣੀ ਅਜਾਦੀ ਅਤੇ ਹੱਕਾਂ ਨਾਲ਼ੋ ਦੂਸਰਿਆ ਦੀ ਅਜਾਦੀ ਅਤੇ ਹੱਕਾਂ ਦਾ ਧਿਆਨ ਰੱਖਣਾ

(ਬਾਕੀ ਸਫ਼ਾ 7 'ਤੇ)

ਪੰਜਾਬ ਸਰਕਾਰ ਵੱਲੋਂ ਕੰਪਿਊਟਰ ਅਧਿਆਪਕਾਂ (PICTES) ਨੂੰ ਦੀਵਾਲੀ ਦਾ ਤੋਹਫ਼ਾ

ਚੰਡੀਗੜ੍ਹ 7 ਨਵੰਬਰ
-ਛਤਰਪਾਲ ਸਿੰਘ-

ਪੰਜਾਬ ਸਰਕਾਰ ਨੇ ਦੀਵਾਲੀ ਦੇ ਪਵਿੱਤਰ ਤਿਉਹਾਰ ਮੌਕੇ ਕੰਪਿਊਟਰ ਅਧਿਆਪਕਾਂ (PICTES) ਮੁਲਾਜ਼ਮਾਂ ਨੂੰ ਦੀਵਾਲੀ ਦਾ ਵੱਡਾ ਤੋਹਫ਼ਾ ਦਿੱਤਾ ਹੈ। ਸੂਬਾ ਸਰਕਾਰ ਨੇ ਕੰਪਿਊਟਰ ਅਧਿਆਪਕਾਂ (PICTES) ਦੇ ਮਹਿੰਗਾਈ ਭੱਤੇ (41) ਵਿੱਚ 40% ਦਾ ਇਤਿਹਾਸਕ ਵਾਧਾ ਕੀਤਾ ਹੈ। ਇਹ ਐਲਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕੀਤਾ ਹੈ।



ਉਨ੍ਹਾਂ ਕਿਹਾ ਕਿ ਕੰਪਿਊਟਰ ਅਧਿਆਪਕਾਂ (PICTES) ਦੇ ਮਹਿੰਗਾਈ ਭੱਤੇ (41) ਵਿੱਚ 40% ਦੇ ਵਾਧੇ ਨਾਲ ਡੀ.ਏ. ਹੁਣ 181% ਤੋਂ ਵਧ ਕੇ 221% ਹੋ ਗਿਆ ਹੈ। ਇ ਨਾਲ ਸੂਬੇ ਦੇ 6,507 ਮੁਲਾਜ਼ਮਾਂ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਸੂ ਸਰਕਾਰ ਨੇ ਸਮੱਗਰ ਸਿੱਖਿਆ ਅਧੀ ਕੰਮ ਕਰਦੇ 1,007 ਨਾਨ-ਟੀਚਿੰ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਜਿ ਥੋੜ੍ਹਾ ਸਮਾਂ ਪਹਿਲਾਂ ਪੱਕਾ (Regu lar) ਕਰ ਦਿੱਤਾ ਸੀ, ਉੱਥੇ ਹੁਣ ਉਨ ਨੂੰ ਤਨਖ਼ਾਹ ਸਬੰਧੀ ਲਾਭ ਦੇਣ ਫ਼ੈਸਲਾ ਕੀਤਾ ਗਿਆ ਹੈ।

ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਆਪਣੇ ਮੁਲਾਜ਼ਮ ਦੀ ਭਲਾਈ ਅਤੇ ਸੁਰੱਖਿਅਤ ਭਵਿੱ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਸ਼ੁਭ ਦੀਪਾਵਲੀ HAPPY DIWALI
"ਸਿਹਤ ਸੇਵਾਵਾਂ ਦਾ ਵਿਸਥਾਰ, ਨਿਰੋਗੀ ਪੰਜਾਬ ਦੇ ਨਿਰਮਾਣ ਦਾ ਸੰਕਲਪ

ਡਾ. ਬਲਬੀਰ ਸਿੰਘ
ਸਿਹਤ ਮੰਤਰੀ ਅਤੇ ਪਰਿਵਾਰ ਭਲਾਈ ਮੰਤਰੀ, ਪੰਜਾਬ
ਸਿੱਖਿਆ, ਸਿਹਤ, ਨੌਜਵਾਨਾਂ ਦੀ ਬਿਹਤਰੀ ਅਤੇ ਲੋਕ ਭਲਾਈ ਦੇ ਕਾਰਜਾਂ ਵਿੱਚ ਸਰਗਰਮ ਯੋਗਦਾਨ
ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ!

ਸ਼ੁਭ ਦੀਪਾਵਲੀ HAPPY DIWALI

"ਸਿਆਸੀ ਸੰਚਾਰ ਦੀ ਸਰਗਰਮ ਆਵਾਜ਼, ਪੰਜਾਬ ਦੀ ਜਨਤਕ ਬਹਿਸ ਵਿੱਚ ਪਛਾਣ।
ਬਲਤੇਜ ਸਿੰਘ ਪੰਨੂ
ਜਨਰਲ ਸਕੱਤਰ ਅਤੇ ਮੀਡੀਆ ਇੰਚਾਰਜ, ਪੰਜਾਬ ਆਮ ਆਦਮੀ ਪਾਰਟੀ
ਇਸ ਦੀਵਾਲੀ ਹਰ ਘਰ ਰੌਸ਼ਨ ਹੋਵੇ, ਹਰ ਚਿਹਰੇ 'ਤੇ ਮੁਸਕਾਨ ਹੋਵੇ ਅਤੇ ਸਮਾਜ ਵਿੱਚ ਪਿਆਰ, ਅਮਨ ਤੇ ਖ਼ੁਸ਼ਹਾਲੀ ਦਾ ਪਸਾਰਾ ਹੋਵੇ।
ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ!

ਸ਼ੁਭ ਦੀਪਾਵਲੀ HAPPY DIWALI
ਲੋਕਾਂ ਦੀ ਆਵਾਜ਼,ਪਟਿਆਲਾ ਦੀ ਪਹਿਚਾਨ

ਸਰਦਾਰ ਅਜੀਤਪਾਲ ਸਿੰਘ ਕੋਹਲੀ
ਵਿਧਾਇਕ ਪਟਿਆਲਾ
ਚਾਨਣ ਵੰਡੋ, ਖ਼ੁਸ਼ੀਆਂ ਵੰਡੋ!
ਇਸ ਦੀਵਾਲੀ ਹਰ ਘਰ ਰੌਸ਼ਨ ਹੋਵੇ, ਹਰ ਚਿਹਰੇ 'ਤੇ ਮੁਸਕਾਨ ਹੋਵੇ
ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ!

ਸ਼ੁਭ ਦੀਪਾਵਲੀ HAPPY DIWALI

"ਰਾਸ਼ਟਰ ਸਭ ਤੋਂ ਪਹਿਲਾਂ, ਪਾਰਟੀ ਦੂਜੇ ਨੰਬਰ 'ਤੇ, ਅਤੇ ਆਪਣਾ ਸਵਾਰਥ ਸਭ ਤੋਂ ਅਖੀਰ ਵਿੱਚ"
ਗੁਰਜੀਤ ਸਿੰਘ ਕੋਹਲੀ
ਸੂਬਾ ਕਾਰਜਕਾਰਨੀ ਮੈਂਬਰ, ਮੀਡੀਆ ਪੈਨਲਿਸਟ ਭਾਜਪਾ ਪੰਜਾਬ
ਤੁਹਾਡੇ ਸੁਪਨਿਆਂ ਨੂੰ ਮਿਲੇ ਨਵੀਂ ਉਡਾਣ, ਹਰ ਘਰ ਵਿੱਚ ਹੋਵੇ ਖ਼ੁਸ਼ਹਾਲੀ ਅਤੇ ਹਰ ਇਲਾਕੇ ਵਿੱਚ ਵਿਕਾਸ ਦੀ ਨਵੀਂ ਸਵੇਰ।
ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ!

MOTI MAHAL PREMIUM MEMBERSHIP


EXCLUSIVE BENEFITS
★ 20% FLAT OFF ON ALL DINE-IN & DELIVERY ★ PRIORITY TABLE RESERVATION
★ COMPLIMENTARY DESSERTS ON BIRTHDAYS ★ ACCESS TO EXCLUSIVE EVENTS
ANNUAL MEMBERSHIP JUST ₹500
MOTI MAHAL FINE DINE RESTAURANT
SCO 109, URBAN ESTATE PHASE 2, PATIALA
+91 98721 11435 | +91 98721 11437

GOPAL MEMORIAL HOSPITAL
Emergency 24hrs

ਸਵ. ਡਾ. ਗੋਪਾਲ ਸਿੰਘ
ਡਾ. ਗੋਪਾਲ ਸਿੰਘ (ਭੁਨਰਹੇੜੀ ਵਾਲੇ)
ਐਮ.ਬੀ.ਬੀ.ਐਬਸ. (ਐਮ.ਡੀ. ਫਿਜ਼ਿਸ਼ਿਅਨ)
ਕਲੀਨਿਕਲ ਕਾਰਡੀਓਲੋਜੀ ਵੈਲੋ
ਏ.ਸੀ.ਐੱਲ.ਐੱਸ., ਬੀ.ਸੀ.ਐਲ.ਐਸ (ਅਮਰੀਕਨ ਹਾਰਟ ਐਸੋਸੀਏਸ਼ਨ)
Ex. ਓਰਥੋ ਰੈਜ਼ੀਡੈਂਟ (ਆਰ.ਐਮ.ਐਲ.ਹਸਪਤਾਲ ਨਵੀਂ ਦਿੱਲੀ)
Ex. ਈ.ਐਮ.ਓ, ਰਜਿੰਦਰਾ ਹਸਪਤਾਲ, ਪਟਿਆਲਾ
ਐਮਰਜੈਂਸੀ ਇੰਚਾਰਜ ਅਮਰ ਹਸਪਤਾਲ, ਪਟਿਆਲਾ
ਡਾ. ਹਰਮਨਪ੍ਰੀਤ ਸਿੰਘ

ਛੰਨਾ ਮੋੜ, ਦੇਵੀਗੜ੍ਹ, ਤਹਿ. ਦੁੱਧਨ ਸਾਧਾਂ ਜ਼ਿਲ੍ਹਾ ਪਟਿਆਲਾ
ਸੰਪਰਕ: 96544-67443, 62844-37061 / gopalmemorialhospital@gmail.com

Ricela


Ricela
ਸਾਡੇ ਗਾਹਕਾਂ ਦੀ ਸੁਰੱਖਿਆ ਹੈ ਸਾਡੀ ਤਰਜੀਹ
Contact Us at Ph. 1800 180 2411 (toll free),
email at: info@ricela.com, visit us at www.ricela.in
- ਹਾਲ ਵਿੱਚ ਹੋਏ ਟੌਕਸੀਕੋਲੋਜੀ ਪ੍ਰੀਖਣਾਂ ਤੋਂ ਪਤਾ ਚੱਲਿਆ ਹੈ ਕਿ 3-MONO-CHLOROPROPRANEDIOL (3-MCPD) ਅਤੇ GLYCIDYL FATTY ACID ESTERS (GE) ਸੰਭਾਵੀ ਕੈਂਸਰ ਕਾਰਕ ਹਨ।
- ਯੂਰਪੀਅਨ ਕਮਿਸ਼ਨ ਨੇ ਹਾਲ ਹੀ ਵਿੱਚ 25 ਅਪ੍ਰੈਲ, 2023 ਨੂੰ ਰੈਗੂਲੇਸ਼ਨ (EU) 2023/915 ਲਾਗੂ ਕੀਤੀ ਹੈ ਜਿਸ ਵਿੱਚ ਖਾਣ ਵਾਲੇ ਤੇਲਾਂ ਵਿੱਚ 3-MCPD ਅਤੇ GE ਲਈ ਅਧਿਕਤਮ ਸੀਮਾਵਾਂ ਨਿਰਧਾਰਤ ਕੀਤੀਆਂ ਗਈਆਂ ਹਨ।
- "ਰਾਈਸੀਲਾ" ਇਕਲੌਤਾ ਰਿਫਾਇੰਡ ਰਾਈਸ ਬ੍ਰਾਨ ਆਇਲ ਦਾ ਬ੍ਰਾਂਡ ਹੈ ਜੋ ਨਵੇਂ ਯੂਰਪੀਅਨ ਫੂਡ ਸੇਫਟੀ ਰੈਗੂਲੇਸ਼ਨ ਦੇ ਤਹਿਤ 3-MCPD ਅਤੇ GE ਦੀ ਪਾਲਣਾ ਕਰਨ ਦੀ ਗਾਰੰਟੀ ਦਿੰਦਾ ਹੈ।
"ਰਾਈਸੀਲਾ" ਟ੍ਰਾਂਸ ਫੈਟ ਫ੍ਰੀ ਹੋਣ ਦੀ ਵੀ ਗਾਰੰਟੀ ਦਿੰਦਾ ਹੈ। TRANS FAT FREE


ਵਿਜੈ ਗੋਇਲ
ਡਾਇਰੈਕਟਰ ਰਾਈਸੇਲਾ ਗਰੁੱਪ

ਸੰਪਾਦਕੀ

ਬੰਦੀ ਛੋੜ ਦਿਵਸ ਅਤੇ ਦੀਵਾਲੀ: ਆਜ਼ਾਦੀ ਤੇ ਸਾਂਝ ਦਾ ਪ੍ਰਕਾਸ਼.

ਇੱਕੋ ਦਿਹਾੜੇ ਦੀਆਂ ਦੋ ਇਤਿਹਾਸਕ ਧਾਰਾਵਾਂ—ਇੱਕ ਪਾਸੇ ਹਨੇਰੇ ਉੱਤੇ ਚਾਨਣ ਦੀ ਜਿੱਤ ਅਤੇ ਦੂਜੇ ਪਾਸੇ ਜ਼ੁਲਮ ਦੀਆਂ ਜ਼ੰਜੀਰਾਂ ਤੋੜ ਕੇ ਮਨੁੱਖੀ ਆਜ਼ਾਦੀ ਦਾ ਪਰਚਮ ਬੁਲੰਦ ਕਰਨ ਦੀ ਗਾਥਾ। ਕੱਤਕ ਦੀ ਮੱਸਿਆ ਦਾ ਦਿਹਾੜਾ ਭਾਰਤੀ ਇਤਿਹਾਸ ਅਤੇ ਧਾਰਮਿਕ ਪਰੰਪਰਾਵਾਂ ਵਿੱਚ ਵਿਸ਼ੇਸ਼ ਅਹਿਮੀਅਤ ਰੱਖਦਾ ਹੈ। ਦੀਵਾਲੀ ਨੂੰ ਆਮ ਤੌਰ 'ਤੇ ਦੀਵਿਆਂ ਦੇ ਤਿਉਹਾਰ, ਖ਼ੁਸ਼ਹਾਲੀ ਅਤੇ ਹਨੇਰੇ ਉੱਤੇ ਚਾਨਣ ਦੀ ਜਿੱਤ ਵਜੋਂ ਮਨਾਇਆ ਜਾਂਦਾ ਹੈ, ਜਦਕਿ ਸਿੱਖ ਇਤਿਹਾਸ ਵਿੱਚ ਇਹੋ ਦਿਹਾੜਾ ਬੰਦੀ ਛੋੜ ਦਿਵਸ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਸਿਰਫ਼ ਤਿਉਹਾਰਾਂ ਦਾ ਸਾਂਝਾ ਦਿਨ ਨਹੀਂ, ਸਗੋਂ ਇਤਿਹਾਸ ਦੀਆਂ ਦੋ ਅਹਿਮ ਧਾਰਾਵਾਂ—ਅਧਿਆਤਮਕ ਚਾਨਣ ਅਤੇ ਮਨੁੱਖੀ ਆਜ਼ਾਦੀ—ਦਾ ਮਿਲਾਪ ਹੈ। ਬੰਦੀ ਛੋੜ ਦਿਵਸ: ਆਪਣੀ ਮੁਕਤੀ ਤੋਂ ਅੱਗੇ ਪਰਾਈ ਮੁਕਤੀ ਦਾ ਸੰਕਲਪ: ਸਿੱਖ ਇਤਿਹਾਸ ਦਾ ਇਹ ਅਹਿਮ ਪ੍ਰਸੰਗ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਜੁੜਿਆ ਹੋਇਆ ਹੈ। ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਹੁਕਮ ਨਾਲ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਨਜ਼ਰਬੰਦ ਰੱਖਿਆ ਗਿਆ। ਇਸੇ ਕਿਲ੍ਹੇ ਵਿੱਚ ਕਈ ਰਾਜੇ ਵੀ ਕੈਦ ਸਨ, ਜਿਨ੍ਹਾਂ ਨੂੰ ਵੱਖ-ਵੱਖ ਇਤਿਹਾਸਕ ਬਿਰਤਾਂਤਾਂ ਵਿੱਚ 52 ਰਾਜਿਆਂ ਵਜੋਂ ਦਰਸਾਇਆ ਜਾਂਦਾ ਹੈ। ਸਿੱਖ ਰਵਾਇਤ ਅਨੁਸਾਰ ਜਦੋਂ ਗੁਰੂ ਸਾਹਿਬ ਦੀ ਰਿਹਾਈ ਦਾ ਹੁਕਮ ਹੋਇਆ ਤਾਂ ਉਨ੍ਹਾਂ ਨੇ ਇਕੱਲਿਆਂ ਕਿਲ੍ਹਾ ਛੱਡਣ ਦੀ ਥਾਂ ਬਾਕੀ ਕੈਦੀ ਰਾਜਿਆਂ ਦੀ ਰਿਹਾਈ ਦੀ ਸ਼ਰਤ ਰੱਖੀ। ਰਵਾਇਤ ਮੁਤਾਬਕ ਇਹ ਸ਼ਰਤ ਮੰਨੀ ਗਈ ਕਿ ਜਿਹੜੇ ਰਾਜੇ ਗੁਰੂ ਸਾਹਿਬ ਦੇ ਚੋਲੇ ਦਾ ਪੱਲਾ ਫੜ ਕੇ ਬਾਹਰ ਆ ਸਕਣਗੇ, ਉਹ ਰਿਹਾਅ ਹੋ ਜਾਣਗੇ। ਇਸ ਮਕਸਦ ਲਈ ਗੁਰੂ ਸਾਹਿਬ ਨੇ 52 ਕਲੀਆਂ ਵਾਲਾ ਚੋਲਾ ਤਿਆਰ ਕਰਵਾਇਆ। ਹਰ ਰਾਜੇ ਨੇ ਇੱਕ-ਇੱਕ ਕਲੀ ਫੜੀ ਅਤੇ ਸਾਰੇ ਕੈਦੀ ਗੁਰੂ ਸਾਹਿਬ ਦੇ ਨਾਲ ਕਿਲ੍ਹੇ ਤੋਂ ਬਾਹਰ ਆ ਗਏ। ਇਸੇ ਕਾਰਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ 'ਬੰਦੀ ਛੋੜ ਦਾਤਾ' ਕਿਹਾ ਜਾਂਦਾ ਹੈ। ਇਸ ਘਟਨਾ ਦਾ ਨਿਚੋੜ ਇਹ ਹੈ ਕਿ ਅਸਲ ਮਹਾਨਤਾ ਆਪਣੀ ਰਿਹਾਈ ਵਿੱਚ ਨਹੀਂ, ਸਗੋਂ ਦੂਜਿਆਂ ਨੂੰ ਬੰਧਨਾਂ ਤੋਂ ਮੁਕਤ ਕਰਵਾਉਣ ਵਿੱਚ ਹੈ। ਇਹ ਵੀ ਧਿਆਨਯੋਗ ਹੈ ਕਿ 52 ਰਾਜਿਆਂ ਵਾਲੀ ਕਥਾ ਸਿੱਖ ਇਤਿਹਾਸਕ ਪਰੰਪਰਾ ਦਾ ਪ੍ਰਸਿੱਧ ਹਿੱਸਾ ਹੈ; ਚੋਲੇ ਦੀਆਂ 52 ਕਲੀਆਂ ਦਾ ਵੇਰਵਾ ਵੀ ਇਸੇ ਰਵਾਇਤ ਵਿੱਚ ਮਿਲਦਾ ਹੈ। ਇਸ ਨੂੰ ਇਤਿਹਾਸਕ ਪ੍ਰਸੰਗ ਵਜੋਂ ਸਮਝਦਿਆਂ ਵੱਖ-ਵੱਖ ਸਰੋਤਾਂ ਦੇ ਬਿਆਨਾਂ ਵਿੱਚ ਮੌਜੂਦ ਫ਼ਰਕਾਂ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਦੀਵਾਲੀ: ਬਹੁ-ਧਾਰਮਿਕ ਅਤੇ ਬਹੁ-ਸੱਭਿਆਚਾਰਕ ਵਿਰਾਸਤ: ਦੀਵਾਲੀ ਸ਼ਬਦ ਸੰਸਕ੍ਰਿਤ ਦੇ 'ਦੀਪਾਵਲੀ' ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਦੀਵਿਆਂ ਦੀ ਕਤਾਰ। ਇਸ ਤਿਉਹਾਰ ਦੀ ਕੋਈ ਇੱਕੋ-ਇੱਕ ਸਰਬਪ੍ਰਵਾਨਿਤ ਇਤਿਹਾਸਕ ਸ਼ੁਰੂਆਤ ਨਹੀਂ। ਭਾਰਤ ਦੇ ਵੱਖ-ਵੱਖ ਖੇਤਰਾਂ ਅਤੇ ਧਾਰਮਿਕ ਪਰੰਪਰਾਵਾਂ ਵਿੱਚ ਇਸ ਨਾਲ ਜੁੜੀਆਂ ਵੱਖਰੀਆਂ ਕਥਾਵਾਂ ਅਤੇ ਮਾਨਤਾਵਾਂ ਪ੍ਰਚੱਲਿਤ ਹਨ। ਉੱਤਰੀ ਭਾਰਤ ਵਿੱਚ ਦੀਵਾਲੀ ਨੂੰ ਭਗਵਾਨ ਸ੍ਰੀ ਰਾਮ ਦੇ ਚੌਦਾਂ ਸਾਲਾਂ ਦੇ ਬਨਵਾਸ ਅਤੇ ਰਾਵਣ ਉੱਤੇ ਜਿੱਤ ਮਗਰੋਂ ਅਯੁੱਧਿਆ ਪਰਤਣ ਦੀ ਯਾਦ ਨਾਲ ਜੋੜਿਆ ਜਾਂਦਾ ਹੈ। ਦੱਖਣੀ ਭਾਰਤ ਦੀਆਂ ਕਈ ਪਰੰਪਰਾਵਾਂ ਵਿੱਚ ਇਹ ਦਿਨ ਸ੍ਰੀ ਕ੍ਰਿਸ਼ਨ ਵੱਲੋਂ ਨਰਕਾਸੁਰ ਦੇ ਅੰਤ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਜੈਨ ਧਰਮ ਵਿੱਚ ਦੀਵਾਲੀ ਦਾ ਸਬੰਧ 24ਵੇਂ ਤੀਰਥੰਕਰ ਭਗਵਾਨ ਮਹਾਂਵੀਰ ਦੇ ਨਿਰਵਾਣ ਨਾਲ ਹੈ। ਇਸ ਤਰ੍ਹਾਂ ਇੱਕੋ ਤਿਉਹਾਰ ਵੱਖ-ਵੱਖ ਸਮਾਜਾਂ ਲਈ ਵੱਖਰੇ ਇਤਿਹਾਸਕ ਅਤੇ ਅਧਿਆਤਮਕ ਅਰਥ ਰੱਖਦਾ ਹੈ। ਇਤਿਹਾਸ ਦੇ ਕੁਝ ਅਹਿਮ ਅਤੇ ਘੱਟ ਚਰਚਿਤ ਪੱਖ: ਬੰਦੀ ਛੋੜ ਦਿਵਸ ਦਾ ਮਹੱਤਵ ਕੇਵਲ 52 ਰਾਜਿਆਂ ਦੀ ਰਿਹਾਈ ਤੱਕ ਸੀਮਤ ਨਹੀਂ। ਇਸ ਪ੍ਰਸੰਗ ਵਿੱਚ ਸੂਫ਼ੀ ਸੰਤ ਸਾਈਂ ਮੀਆਂ ਮੀਰ ਜੀ ਅਤੇ ਲਾਹੌਰ ਦੇ ਹਾਕਮ ਵਜ਼ੀਰ ਖ਼ਾਨ ਦੀ ਭੂਮਿਕਾ ਦਾ ਵੀ ਜ਼ਿਕਰ ਮਿਲਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਤਿਹਾਸਕ ਵੇਰਵੇ ਵਿੱਚ ਇਨ੍ਹਾਂ ਵੱਲੋਂ ਗੁਰੂ ਸਾਹਿਬ ਦੀ ਰਿਹਾਈ ਲਈ ਜਹਾਂਗੀਰ ਤੱਕ ਪਹੁੰਚ ਕਰਨ ਦੀ ਗੱਲ ਦਰਜ ਹੈ। ਇਹ ਪੱਖ ਉਸ ਦੌਰ ਦੀ ਧਾਰਮਿਕ ਅਤੇ ਸਮਾਜਿਕ ਸਾਂਝ ਦੀ ਇੱਕ ਅਹਿਮ ਮਿਸਾਲ ਹੈ। ਇੱਕ ਹੋਰ ਦਿਲਚਸਪ ਗੱਲ ਇਹ ਹੈ ਕਿ ਗੁਰੂ ਸਾਹਿਬ ਦੀ ਗਵਾਲੀਅਰ ਕਿਲ੍ਹੇ ਵਿੱਚ ਨਜ਼ਰਬੰਦੀ ਅਤੇ ਰਿਹਾਈ ਦੇ ਸਾਲ ਬਾਰੇ ਇਤਿਹਾਸਕ ਸਰੋਤਾਂ ਵਿੱਚ ਇਕਸਾਰਤਾ ਨਹੀਂ। ਸ਼੍ਰੋਮਣੀ ਕਮੇਟੀ ਦਾ ਵੇਰਵਾ 1609 ਤੋਂ 1612 ਤੱਕ ਦੀ ਨਜ਼ਰਬੰਦੀ ਅਤੇ 1612 ਵਿੱਚ ਰਿਹਾਈ ਦਾ ਜ਼ਿਕਰ ਕਰਦਾ ਹੈ, ਜਦਕਿ ਕਈ ਹੋਰ ਇਤਿਹਾਸਕ ਸਰੋਤ ਅਤੇ ਸਿੱਖ ਇਤਿਹਾਸ ਦੀ ਪ੍ਰਚੱਲਿਤ ਮਾਨਤਾ ਇਸ ਘਟਨਾ ਨੂੰ 1619 ਨਾਲ ਜੋੜਦੇ ਹਨ। ਇਸ ਲਈ ਕਿਸੇ ਇੱਕ ਸਾਲ ਨੂੰ ਬਿਨਾਂ ਹਵਾਲੇ ਦੇ ਅੰਤਿਮ ਸੱਚ ਵਜੋਂ ਪੇਸ਼ ਕਰਨਾ ਠੀਕ ਨਹੀਂ। ਗਵਾਲੀਅਰ ਦੇ ਕਿਲ੍ਹੇ ਅੰਦਰ ਸਥਿਤ ਗੁਰਦੁਆਰਾ ਦਾਤਾ ਬੰਦੀ ਛੋੜ ਸਾਹਿਬ ਅੱਜ ਵੀ ਇਸ ਇਤਿਹਾਸਕ ਯਾਦ ਦਾ ਪ੍ਰਮੁੱਖ ਕੇਂਦਰ ਹੈ। ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਅਤੇ ਆਲੇ-ਦੁਆਲੇ ਦੇ ਗੁਰਦੁਆਰਿਆਂ ਵਿੱਚ ਰੌਸ਼ਨੀਆਂ, ਦੀਪਮਾਲਾ, ਗੁਰਬਾਣੀ ਕੀਰਤਨ ਅਤੇ ਅਰਦਾਸਾਂ ਰਾਹੀਂ ਇਹ ਦਿਹਾੜਾ ਮਨਾਇਆ ਜਾਂਦਾ ਹੈ। ਅੱਜ ਜਦੋਂ ਅਸੀਂ ਦੀਵਿਆਂ ਦੀਆਂ ਕਤਾਰਾਂ ਸਜਾਉਂਦੇ ਹਾਂ, ਘਰਾਂ ਨੂੰ ਰੌਸ਼ਨ ਕਰਦੇ ਹਾਂ ਅਤੇ ਖ਼ੁਸ਼ੀਆਂ ਸਾਂਝੀਆਂ ਕਰਦੇ ਹਾਂ, ਤਾਂ ਇਸ ਦਿਹਾੜੇ ਦੇ ਇਤਿਹਾਸਕ ਸੁਨੇਹੇ ਨੂੰ ਵੀ ਚੇਤੇ ਰੱਖਣਾ ਬਣਦਾ ਹੈ। ਬੰਦੀ ਛੋੜ ਦਿਵਸ ਸਾਨੂੰ ਦੱਸਦਾ ਹੈ ਕਿ ਆਜ਼ਾਦੀ ਦਾ ਅਰਥ ਸਿਰਫ਼ ਆਪਣੇ ਬੰਧਨ ਤੋੜਨਾ ਨਹੀਂ, ਸਗੋਂ ਦੂਜਿਆਂ ਦੀ ਮੁਕਤੀ ਲਈ ਵੀ ਖੜ੍ਹਨਾ ਹੈ। ਦੀਵਾਲੀ ਸਾਨੂੰ ਚਾਨਣ, ਗਿਆਨ ਅਤੇ ਨੇਕੀ ਦੀਆਂ ਪਰੰਪਰਾਵਾਂ ਨਾਲ ਜੋੜਦੀ ਹੈ। ਇਤਿਹਾਸ ਦੀ ਅਸਲ ਰੌਸ਼ਨੀ ਉਦੋਂ ਫੈਲਦੀ ਹੈ, ਜਦੋਂ ਦੀਵਾ ਸਿਰਫ਼ ਘਰਾਂ ਵਿੱਚ ਨਹੀਂ, ਸਗੋਂ ਮਨੁੱਖ ਦੀ ਸੋਚ, ਕਰਮ ਅਤੇ ਸਮਾਜਿਕ ਵਰਤਾਰੇ ਵਿੱਚ ਵੀ ਜਗਦਾ ਹੈ। ਬੰਦੀ ਛੋੜ ਦਿਵਸ ਅਤੇ ਦੀਵਾਲੀ ਦਾ ਸਾਂਝਾ ਸੁਨੇਹਾ ਇਹੋ ਹੈ—ਜ਼ੁਲਮ ਦੀ ਥਾਂ ਇਨਸਾਫ਼, ਵੈਰ ਦੀ ਥਾਂ ਸਾਂਝ ਅਤੇ ਹਨੇਰੇ ਦੀ ਥਾਂ ਗਿਆਨ ਦਾ ਚਾਨਣ।

ਦੀਵਾਲੀ ਦੇ ਅਣਕਹੇ ਸੱਚ : ਜਸ਼ਨਾਂ ਪਿੱਛੇ ਦੀ ਹਕੀਕਤ



ਗੁਰਮੀਤ ਸਿੰਘ ਤੁੰਗ
ਬਿਊਰੋ ਚੀਫ਼.
9855221193

ਵਿਸ਼ੇਸ਼ ਸੰਪਾਦਕੀ ਲੇਖ

ਦੀਵਾਲੀ ਨੂੰ ਆਮ ਤੌਰ 'ਤੇ ਰੌਸ਼ਨੀਆਂ, ਮਿਠਾਈਆਂ, ਖ਼ਰੀਦਦਾਰੀ, ਆਤਿਸ਼ਬਾਜ਼ੀ ਅਤੇ ਖ਼ੁਸ਼ੀਆਂ ਦੇ ਤਿਉਹਾਰ ਵਜੋਂ ਪੇਸ਼ ਕੀਤਾ ਜਾਂਦਾ ਹੈ। ਪਰ ਇਸ ਤਿਉਹਾਰ ਦੀ ਚਮਕਦਾਰ ਤਸਵੀਰ ਦੇ ਪਿੱਛੇ ਕੁਝ ਅਜਿਹੇ ਪੱਖ ਵੀ ਹਨ, ਜਿਨ੍ਹਾਂ ਵੱਲ ਸਮਾਜ ਦਾ ਧਿਆਨ ਬਹੁਤ ਘੱਟ ਜਾਂਦਾ ਹੈ। ਜਦੋਂ ਸ਼ਹਿਰਾਂ ਦੇ ਘਰਾਂ ਅਤੇ ਬਾਜ਼ਾਰਾਂ ਵਿੱਚ ਦੀਵੇ ਜਗਦੇ ਹਨ, ਉਦੋਂ ਸੜਕਾਂ ਦੀ ਸਫ਼ਾਈ ਕਰਨ ਵਾਲੇ ਕਾਮੇ ਕੂੜੇ ਦੇ ਢੇਰ ਹਟਾ ਰਹੇ ਹੁੰਦੇ ਹਨ। ਜਦੋਂ ਬਾਜ਼ਾਰਾਂ ਵਿੱਚ ਬਿਜਲੀ ਵਾਲੀਆਂ ਸਜਾਵਟੀ ਰੌਸ਼ਨੀਆਂ ਵਿਕਦੀਆਂ ਹਨ, ਉਦੋਂ ਪਿੰਡਾਂ ਦੇ ਘੁਮਿਆਰ ਆਪਣੀ ਮਿੱਟੀ ਦੀ ਕਲਾ ਅਤੇ ਰੋਜ਼ੀ-ਰੋਟੀ ਬਚਾਉਣ ਲਈ ਸੰਘਰਸ਼ ਕਰ ਰਹੇ ਹੁੰਦੇ ਹਨ। ਜਦੋਂ ਪਰਿਵਾਰ ਇਕੱਠੇ ਹੋ ਕੇ ਜਸ਼ਨ ਮਨਾਉਂਦੇ ਹਨ, ਉਦੋਂ ਕਈ ਲੋਕ ਆਰਥਿਕ ਤੰਗੀ, ਇਕੱਲੇਪਣ ਅਤੇ ਮਾਨਸਿਕ ਦਬਾਅ ਨਾਲ ਜੂਝ ਰਹੇ ਹੁੰਦੇ ਹਨ।

ਇਸ ਲਈ ਦੀਵਾਲੀ ਨੂੰ ਸਮਝਣ ਲਈ ਸਿਰਫ਼ ਰੌਸ਼ਨੀਆਂ ਦੀ ਗਿਣਤੀ ਕਰਨੀ ਕਾਫ਼ੀ ਨਹੀਂ, ਸਗੋਂ ਇਹ ਵੀ ਦੇਖਣਾ ਜ਼ਰੂਰੀ ਹੈ ਕਿ ਇਸ ਤਿਉਹਾਰ ਦੀ ਕੀਮਤ ਕੌਣ ਚੁਕਾ ਰਿਹਾ ਹੈ।

ਦੀਵਾਲੀ ਦੀ ਚਮਕ ਦੇ ਪੰਜ ਅਣਦੇਖੇ ਸੱਚ

1. ਜਸ਼ਨ ਮੁੱਕਣ ਤੋਂ ਬਾਅਦ ਸ਼ਹਿਰ ਸੰਭਾਲਣ ਵਾਲੇ ਹੱਥ

ਦੀਵਾਲੀ ਦੀ ਰਾਤ ਜਦੋਂ ਲੋਕ ਆਪਣੇ ਘਰਾਂ ਵਿੱਚ ਆਰਾਮ ਕਰ ਰਹੇ ਹੁੰਦੇ ਹਨ, ਉਸ ਤੋਂ ਕੁਝ ਘੰਟਿਆਂ ਬਾਅਦ ਸਫ਼ਾਈ ਕਾਮਿਆਂ ਦੀ ਅਸਲ ਡਿਊਟੀ ਸ਼ੁਰੂ ਹੁੰਦੀ ਹੈ। ਸੜਕਾਂ ਉੱਤੇ ਪਟਾਕਿਆਂ ਦੇ ਜਲੇ ਹੋਏ ਖੋਲ, ਬਾਰੂਦ ਦੀ ਰਹਿੰਦ-ਖੂੰਹਦ, ਕੱਚ ਦੇ ਟੁਕੜੇ, ਪਲਾਸਟਿਕ ਦੇ ਲਿਫ਼ਾਫ਼ੇ, ਮਿਠਾਈਆਂ ਦੇ ਡੱਬੇ, ਸਜਾਵਟੀ ਸਮਾਨ ਅਤੇ ਟੁੱਟੇ ਹੋਏ ਦੀਵਿਆਂ ਦੇ ਢੇਰ ਉਨ੍ਹਾਂ ਦੀ ਉਡੀਕ ਕਰ ਰਹੇ ਹੁੰਦੇ ਹਨ।

ਇਹ ਕੰਮ ਸਿਰਫ਼ ਝਾੜੂ ਲਾਉਣ ਤੱਕ ਸੀਮਤ ਨਹੀਂ। ਅਧਸੜੇ ਪਟਾਕਿਆਂ ਵਿੱਚ ਅਚਾਨਕ ਧਮਾਕਾ ਹੋਣ, ਤਿੱਖੇ ਕੱਚ ਨਾਲ ਸੱਟ ਲੱਗਣ ਅਤੇ ਬਾਰੂਦੀ ਪਦਾਰਥਾਂ ਦੇ ਸੰਪਰਕ ਵਿੱਚ ਆਉਣ ਦਾ ਖ਼ਤਰਾ ਵੀ ਬਣਿਆ ਰਹਿੰਦਾ ਹੈ। ਜਦੋਂ ਕੂੜੇ ਵਿੱਚ ਬਾਰੂਦੀ ਰਹਿੰਦ-ਖੂੰਹਦ, ਪਲਾਸਟਿਕ ਅਤੇ ਹੋਰ ਘਰੇਲੂ ਕੂੜਾ ਇਕੱਠਾ ਹੋ ਜਾਂਦਾ ਹੈ ਤਾਂ ਇਸ ਦੀ ਛਾਂਟੀ ਅਤੇ ਨਿਪਟਾਰਾ ਹੋਰ ਵੀ ਔਖਾ ਹੋ ਜਾਂਦਾ ਹੈ।

ਸਾਲ 2025 ਵਿੱਚ ਲੁਧਿਆਣਾ ਵਿੱਚ ਦੀਵਾਲੀ ਦੇ ਆਲੇ-ਦੁਆਲੇ ਦੋ ਹਫ਼ਤਿਆਂ ਦੌਰਾਨ 1,800 ਟਨ ਤੋਂ ਵੱਧ ਵਾਧੂ ਕੂੜਾ ਪੈਦਾ ਹੋਣ ਦੀ ਰਿਪੋਰਟ ਸਾਹਮਣੇ ਆਈ ਸੀ। ਇਸ ਵਿੱਚ ਦੀਵਾਲੀ ਦੀ ਰਾਤ ਦਾ ਹਿੱਸਾ ਲਗਭਗ 250 ਟਨ ਦੱਸਿਆ ਗਿਆ। ਇੰਦੌਰ ਵਿੱਚ ਵੀ 2024 ਦੀ ਦੀਵਾਲੀ ਤੋਂ ਬਾਅਦ ਹਜ਼ਾਰਾਂ ਸਫ਼ਾਈ ਕਾਮਿਆਂ ਨੂੰ ਸਵੇਰੇ ਤੜਕੇ ਸਫ਼ਾਈ ਮੁਹਿੰਮ ਵਿੱਚ ਲਾਇਆ ਗਿਆ ਸੀ।

ਇੱਥੇ ਸਵਾਲ ਇਹ ਹੈ ਕਿ ਜਿਹੜੇ ਲੋਕ ਸਾਡੇ ਜਸ਼ਨਾਂ ਤੋਂ ਬਾਅਦ ਸਾਡੇ ਸ਼ਹਿਰਾਂ ਨੂੰ ਮੁੜ ਰਹਿਣਯੋਗ ਬਣਾਉਂਦੇ ਹਨ, ਕੀ ਉਨ੍ਹਾਂ ਦੀ ਸਿਹਤ, ਸੁਰੱਖਿਆ ਅਤੇ ਮਿਹਨਤ ਦੀ ਉਚਿਤ ਕਦਰ ਕੀਤੀ ਜਾਂਦੀ ਹੈ?

ਨਗਰ ਨਿਗਮਾਂ ਦੀ ਜ਼ਿੰਮੇਵਾਰੀ ਹੈ ਕਿ ਇਨ੍ਹਾਂ ਕਾਮਿਆਂ ਨੂੰ ਦਸਤਾਨੇ, ਮਜ਼ਬੂਤ ਜੁੱਤੇ, ਮੂੰਹ ਢਕਣ ਲਈ ਸੁਰੱਖਿਆ ਸਾਧਨ, ਸਿਖਲਾਈ ਅਤੇ ਖ਼ਤਰਨਾਕ ਕੂੜੇ ਦੀ ਵੱਖਰੀ ਸੰਭਾਲ ਦੀ ਸਹੂਲਤ ਦਿੱਤੀ ਜਾਵੇ। ਲੋਕਾਂ ਦੀ ਵੀ ਜ਼ਿੰਮੇਵਾਰੀ ਹੈ ਕਿ ਪਟਾਕਿਆਂ ਦੀ ਰਹਿੰਦ-ਖੂੰਹਦ ਸੜਕਾਂ ਉੱਤੇ ਨਾ ਖਿਲਾਰਨ, ਅਧਸੜੇ ਪਟਾਕੇ ਆਮ ਕੂੜੇ ਵਿੱਚ ਨਾ ਸੁੱਟਣ ਅਤੇ ਟੁੱਟੇ ਕੱਚ ਨੂੰ ਵੱਖਰਾ ਇਕੱਠਾ ਕਰਨ।

2. ਮਿੱਟੀ ਦੇ ਦੀਵੇ ਬਣਾਉਣ ਵਾਲੇ ਘੁਮਿਆਰਾਂ ਦੀ ਘਟਦੀ ਦੁਨੀਆ

ਦੀਵਾਲੀ ਦੇ ਰਵਾਇਤੀ ਸਰੂਪ ਵਿੱਚ ਮਿੱਟੀ ਦੇ ਦੀਵਿਆਂ ਦਾ ਆਪਣਾ ਮਹੱਤਵ ਹੈ। ਪਰ ਇਨ੍ਹਾਂ ਦੀਵਿਆਂ ਨੂੰ ਬਣਾਉਣ ਵਾਲੇ ਘੁਮਿਆਰਾਂ ਦੀ ਆਰਥਿਕ ਹਾਲਤ ਅਤੇ ਉਨ੍ਹਾਂ ਦੀ ਕਲਾ ਦੀ ਹੋਂਦ ਬਾਰੇ ਬਹੁਤ ਘੱਟ ਚਰਚਾ ਹੁੰਦੀ ਹੈ।

ਇੱਕ ਦੀਵਾ ਤਿਆਰ ਕਰਨ ਪਿੱਛੇ ਮਿੱਟੀ ਦੀ ਚੋਣ, ਉਸ ਦੀ ਸਫ਼ਾਈ, ਗੁੰਨ੍ਹਾਈ, ਚੱਕ ਉੱਤੇ ਆਕਾਰ ਦੇਣਾ, ਸੁਕਾਉਣਾ, ਭੱਠੀ ਵਿੱਚ ਪਕਾਉਣਾ ਅਤੇ ਲੋੜ ਅਨੁਸਾਰ ਰੰਗ-ਰੋਗਨ ਕਰਨ ਵਰਗੇ ਕਈ ਪੜਾਅ ਹੁੰਦੇ ਹਨ। ਇਹ ਕੰਮ ਸਿਰਫ਼ ਇੱਕ ਵਿਅਕਤੀ ਦਾ ਨਹੀਂ, ਸਗੋਂ ਅਕਸਰ ਪੂਰੇ ਪਰਿਵਾਰ ਦੀ ਸਾਂਝੀ ਮਿਹਨਤ ਹੁੰਦਾ ਹੈ। ਮਰਦ ਮਿੱਟੀ ਤਿਆਰ ਕਰਦੇ ਹਨ, ਔਰਤਾਂ ਦੀਵੇ ਸਜਾਉਂਦੀਆਂ ਹਨ ਅਤੇ ਬੱਚੇ ਵੀ ਪਰਿਵਾਰਕ ਕੰਮ ਵਿੱਚ ਹੱਥ ਵਟਾਉਂਦੇ ਹਨ।

ਪਹਿਲਾਂ ਦੀਵਾਲੀ ਦੇ ਦਿਨਾਂ ਵਿੱਚ ਘੁਮਿਆਰਾਂ ਲਈ ਸਾਲ ਦੀ ਵੱਡੀ ਕਮਾਈ ਦਾ ਮੌਕਾ ਹੁੰਦਾ ਸੀ। ਹੁਣ ਬਾਜ਼ਾਰ ਵਿੱਚ ਸਸਤੀ ਬਿਜਲੀ ਵਾਲੀ ਸਜਾਵਟ, ਪਲਾਸਟਿਕ ਦੇ ਦੀਵੇ ਅਤੇ ਵੱਡੇ ਪੱਧਰ ਉੱਤੇ ਬਣੀਆਂ ਸਜਾਵਟੀ ਵਸਤਾਂ ਨੇ ਮੁਕਾਬਲਾ ਵਧਾ ਦਿੱਤਾ ਹੈ। ਇਸ ਦੇ ਨਾਲ ਮਿੱਟੀ, ਬਾਲਣ, ਆਵਾਜਾਈ ਅਤੇ ਮਜ਼ਦੂਰੀ ਦੀ ਲਾਗਤ ਵੀ ਵਧਦੀ ਹੈ।

ਹਾਲਾਂਕਿ ਇਸ ਸਾਲ ਪੰਜਾਬ ਦੇ ਕੁਝ ਇਲਾਕਿਆਂ ਵਿੱਚ ਰਵਾਇਤੀ ਦੀਵਿਆਂ ਦੀ ਮੰਗ ਵਧਣ ਦੀਆਂ ਖ਼ਬਰਾਂ ਵੀ ਸਾਹਮਣੇ ਆਈਆਂ ਹਨ। ਲੁਧਿਆਣਾ ਦੇ ਘੁਮਿਆਰ ਪਰਿਵਾਰਾਂ ਨੇ ਹਜ਼ਾਰਾਂ ਦੀਵੇ ਤਿਆਰ ਕੀਤੇ ਹਨ, ਜਦਕਿ ਹਰਿਆਣਾ ਦੇ ਸਿਰਸਾ ਵਿੱਚ ਲਗਭਗ 80 ਘੁਮਿਆਰ ਪਰਿਵਾਰਾਂ ਨੂੰ ਇਸ ਸਾਲ ਕਰੀਬ ਦੋ ਕਰੋੜ ਦੀਵਿਆਂ ਦੇ ਆਦੇਸ਼ ਮਿਲਣ ਦੀ ਰਿਪੋਰਟ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਰਵਾਇਤੀ ਕਲਾ ਦੀ ਮੰਗ ਖ਼ਤਮ ਨਹੀਂ ਹੋਈ, ਪਰ ਇਸ ਨੂੰ ਪੱਕੇ ਬਾਜ਼ਾਰ ਅਤੇ ਉਚਿਤ ਮੁੱਲ ਦੀ ਲੋੜ ਹੈ।

ਸਰਕਾਰਾਂ ਨੂੰ ਘੁਮਿਆਰਾਂ ਲਈ ਸਾਂਝੇ ਵਿਕਰੀ ਕੇਂਦਰ, ਸਸਤੀ ਮਿੱਟੀ, ਭੱਠੀਆਂ ਲਈ ਸਹੂਲਤਾਂ, ਬਿਨਾਂ ਵਿਚੋਲਿਆਂ ਦੇ ਵਿਕਰੀ ਪ੍ਰਬੰਧ ਅਤੇ ਵਾਜਬ ਕਰਜ਼ਾ ਮੁਹੱਈਆ ਕਰਵਾਉਣਾ ਚਾਹੀਦਾ ਹੈ। ਸਕੂਲਾਂ, ਧਾਰਮਿਕ ਸੰਸਥਾਵਾਂ, ਵਪਾਰਕ ਅਦਾਰਿਆਂ ਅਤੇ ਸਮਾਜਿਕ ਜਥੇਬੰਦੀਆਂ ਨੂੰ ਵੀ ਸਥਾਨਕ ਘੁਮਿਆਰਾਂ ਤੋਂ ਸਿੱਧੀ ਖ਼ਰੀਦ ਨੂੰ ਤਰਜੀਹ ਦੇਣੀ ਚਾਹੀਦੀ ਹੈ। ਸਿਰਫ਼ ਰਵਾਇਤੀ ਕਲਾ ਦੀ ਪ੍ਰਸ਼ੰਸਾ ਕਰਨ ਨਾਲ ਕਾਰੀਗਰ ਦਾ ਘਰ ਨਹੀਂ ਚੱਲਦਾ, ਉਸ ਦੀ ਬਣਾਈ ਵਸਤੂ ਦੀ ਖ਼ਰੀਦ ਵੀ ਜ਼ਰੂਰੀ ਹੈ।

3. ਵਿਦੇਸ਼ਾਂ ਵਿੱਚ ਵੱਸਦੇ ਲੋਕਾਂ ਦੀ ਇਕੱਲੀ ਦੀਵਾਲੀ

ਦੀਵਾਲੀ ਹੁਣ ਸਿਰਫ਼ ਭਾਰਤੀ ਉਪਮਹਾਂਦੀਪ ਤੱਕ ਸੀਮਤ ਨਹੀਂ ਰਹੀ। ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਵੱਸਦੇ ਭਾਰਤੀ ਮੂਲ ਦੇ ਪਰਿਵਾਰ ਵੀ ਇਹ ਤਿਉਹਾਰ ਮਨਾਉਂਦੇ ਹਨ। ਪਰ ਹਰ ਵਿਦੇਸ਼ੀ ਸ਼ਹਿਰ ਵਿੱਚ ਵੱਡੇ ਮੰਦਰ, ਭਾਰਤੀ ਬਾਜ਼ਾਰ ਜਾਂ ਆਪਣੀ ਭਾਈਚਾਰਕ ਸੰਸਥਾ ਮੌਜੂਦ ਨਹੀਂ ਹੁੰਦੀ।

ਛੋਟੇ ਕਸਬਿਆਂ, ਦੂਰ-ਦੁਰਾਡੇ ਦੇ ਇਲਾਕਿਆਂ ਅਤੇ ਅਜਿਹੇ ਦੇਸ਼ਾਂ ਵਿੱਚ ਜਿੱਥੇ ਭਾਰਤੀ ਵਸੋਂ ਘੱਟ ਹੈ, ਉੱਥੇ ਰਹਿੰਦੇ ਪਰਿਵਾਰਾਂ ਲਈ ਦੀਵਾਲੀ ਮਨਾਉਣਾ ਇੱਕ ਵੱਖਰੀ ਚੁਣੌਤੀ ਬਣ ਜਾਂਦਾ ਹੈ। ਕਈ ਵਾਰ ਪੂਜਾ ਦੀ ਸਮੱਗਰੀ, ਰਵਾਇਤੀ ਮਿਠਾਈਆਂ, ਮਿੱਟੀ ਦੇ ਦੀਵੇ ਅਤੇ ਹੋਰ ਲੋੜੀਂਦੀਆਂ ਵਸਤਾਂ ਸਥਾਨਕ ਬਾਜ਼ਾਰ ਵਿੱਚ ਮਿਲਦੀਆਂ ਹੀ ਨਹੀਂ। ਕੰਮਕਾਜ ਦੀਆਂ ਛੁੱਟੀਆਂ ਨਾ ਹੋਣ ਕਾਰਨ ਪਰਿਵਾਰਕ ਇਕੱਠ ਵੀ ਸੰਭਵ ਨਹੀਂ ਹੁੰਦਾ।

ਅਜਿਹੇ ਪਰਿਵਾਰ ਆਪਣੀ ਸਹੂਲਤ ਅਨੁਸਾਰ ਘਰ ਵਿੱਚ ਛੋਟਾ ਜਿਹਾ ਸਮਾਗਮ ਕਰਦੇ ਹਨ, ਦੋਸਤਾਂ ਨਾਲ ਮਿਲਦੇ ਹਨ ਜਾਂ ਭਾਰਤ ਵਿੱਚ ਰਹਿੰਦੇ ਪਰਿਵਾਰਕ ਮੈਂਬਰਾਂ ਨਾਲ ਦੂਰਭਾਸ਼ ਰਾਹੀਂ ਪੂਜਾ ਵਿੱਚ ਸ਼ਾਮਲ ਹੁੰਦੇ ਹਨ। ਆਸਟ੍ਰੇਲੀਆ ਦੇ ਮੈਲਬਰਨ ਵਿੱਚ ਰਹਿੰਦੇ ਇੱਕ ਭਾਰਤੀ ਜੋੜੇ ਵੱਲੋਂ 2026 ਵਿੱਚ ਜਲੰਧਰ ਵਿੱਚ ਬੈਠੇ ਆਪਣੇ ਪਰਿਵਾਰਕ ਪੁਜਾਰੀ ਨਾਲ ਦੂਰਭਾਸ਼ ਰਾਹੀਂ ਦੀਵਾਲੀ ਦੀ ਪੂਜਾ ਕਰਨ ਦੀ ਮਿਸਾਲ ਵੀ ਸਾਹਮਣੇ ਆਈ ਹੈ।

ਇਹ ਮਸਲਾ ਸਿਰਫ਼ ਧਾਰਮਿਕ ਰਸਮਾਂ ਤੱਕ ਸੀਮਤ ਨਹੀਂ। ਵਿਦੇਸ਼ਾਂ ਵਿੱਚ ਨਵੇਂ ਆਏ ਵਿਦਿਆਰਥੀ, ਇਕੱਲੇ ਕਾਮੇ, ਬਜ਼ੁਰਗ ਅਤੇ ਪਰਿਵਾਰ ਤੋਂ ਦੂਰ ਰਹਿਣ ਵਾਲੇ ਲੋਕ ਇਸ ਦਿਨ ਘਰ ਦੀ ਯਾਦ ਅਤੇ ਸੱਭਿਆਚਾਰਕ ਦੂਰੀ ਵਧੇਰੇ ਮਹਿਸੂਸ ਕਰ ਸਕਦੇ ਹਨ। ਭਾਰਤੀ ਭਾਈਚਾਰਕ ਸੰਸਥਾਵਾਂ ਨੂੰ ਛੋਟੇ ਸ਼ਹਿਰਾਂ ਅਤੇ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਰਹਿੰਦੇ ਲੋਕਾਂ ਨੂੰ ਜੋੜਨ ਲਈ ਸਾਂਝੇ ਸਮਾਗਮ ਅਤੇ ਸਹਾਇਤਾ ਸਮੂਹ ਬਣਾਉਣੇ ਚਾਹੀਦੇ ਹਨ।

4. ਖ਼ੁਸ਼ੀਆਂ ਦੇ ਤਿਉਹਾਰ ਵਿੱਚ ਮਾਨਸਿਕ ਤਣਾਅ ਅਤੇ ਇਕੱਲੇਪਣ ਦਾ ਅਣਕਿਹਾ ਪੱਖ

ਦੀਵਾਲੀ ਨੂੰ ਹਰ ਵਿਅਕਤੀ ਲਈ ਖ਼ੁਸ਼ੀ ਦਾ ਮੌਕਾ ਮੰਨ ਲੈਣਾ ਇੱਕ ਅਜਿਹੀ ਸਮਾਜਿਕ ਧਾਰਨਾ ਹੈ, ਜਿਸ ਦੇ ਪਿੱਛੇ ਕਈ ਲੋਕਾਂ ਦੀ ਅਸਲ ਮਾਨਸਿਕ ਸਥਿਤੀ ਅਣਡਿੱਠੀ ਰਹਿ ਜਾਂਦੀ ਹੈ। ਹਰ ਕਿਸੇ ਦੀ ਆਰਥਿਕ ਹਾਲਤ, ਪਰਿਵਾਰਕ ਸਥਿਤੀ ਅਤੇ ਭਾਵਨਾਤਮਕ ਹਾਲਤ ਇੱਕੋ ਜਿਹੀ ਨਹੀਂ ਹੁੰਦੀ।

ਤਿਉਹਾਰਾਂ ਦੌਰਾਨ ਨਵੇਂ ਕੱਪੜੇ ਖ਼ਰੀਦਣ, ਮਹਿੰਗੇ ਤੋਹਫ਼ੇ ਦੇਣ, ਘਰ ਸਜਾਉਣ, ਰਿਸ਼ਤੇਦਾਰਾਂ ਨੂੰ ਮਿਲਣ ਅਤੇ ਸਮਾਜਿਕ ਸਮਾਗਮਾਂ ਵਿੱਚ ਸ਼ਾਮਲ ਹੋਣ ਦਾ ਦਬਾਅ ਕਈ ਪਰਿਵਾਰਾਂ ਲਈ ਆਰਥਿਕ ਬੋਝ ਬਣ ਜਾਂਦਾ ਹੈ। ਖ਼ਾਸ ਕਰਕੇ ਘੱਟ ਆਮਦਨ ਵਾਲੇ ਪਰਿਵਾਰ ਆਪਣੀ ਹੈਸੀਅਤ ਤੋਂ ਵੱਧ ਖ਼ਰਚ ਕਰਕੇ ਸਮਾਜਿਕ ਦਿਖਾਵੇ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕਰਦੇ ਹਨ। ਇਸ ਨਾਲ ਕਰਜ਼ਾ, ਘਰੇਲੂ ਤਣਾਅ ਅਤੇ ਆਪਸੀ ਮਤਭੇਦ ਵਧ ਸਕਦੇ ਹਨ।

ਇਸ ਤੋਂ ਇਲਾਵਾ, ਜਿਨ੍ਹਾਂ ਪਰਿਵਾਰਾਂ ਨੇ ਹਾਲ ਹੀ ਵਿੱਚ ਕਿਸੇ ਆਪਣੇ ਨੂੰ ਗੁਆਇਆ ਹੋਵੇ, ਉਨ੍ਹਾਂ ਲਈ ਤਿਉਹਾਰ ਦੀ ਰੌਣਕ ਕਈ ਵਾਰ ਵਿਛੜੇ ਵਿਅਕਤੀ ਦੀ ਯਾਦ ਨੂੰ ਹੋਰ ਤੀਬਰ ਕਰ ਦਿੰਦੀ ਹੈ। ਇਕੱਲੇ ਰਹਿੰਦੇ ਬਜ਼ੁਰਗ, ਪਰਿਵਾਰ ਤੋਂ ਦੂਰ ਕੰਮ ਕਰਨ ਵਾਲੇ ਲੋਕ, ਬਿਮਾਰੀ ਨਾਲ ਜੂਝ ਰਹੇ ਵਿਅਕਤੀ ਅਤੇ ਟੁੱਟੇ ਪਰਿਵਾਰਾਂ ਦੇ ਮੈਂਬਰ ਵੀ ਇਸ ਸਮੇਂ ਭਾਵਨਾਤਮਕ ਤੌਰ ਉੱਤੇ ਮੁਸ਼ਕਲ ਮਹਿਸੂਸ ਕਰ ਸਕਦੇ ਹਨ।

ਮਨੋਵਿਗਿਆਨਕ ਮਾਹਿਰਾਂ ਅਨੁਸਾਰ ਤਿਉਹਾਰਾਂ ਦੌਰਾਨ ਸਮਾਜਿਕ ਉਮੀਦਾਂ ਅਤੇ ਵਿਅਕਤੀ ਦੀ ਅਸਲ ਸਥਿਤੀ ਵਿਚਲਾ ਫ਼ਰਕ ਤਣਾਅ ਦਾ ਕਾਰਨ ਬਣ ਸਕਦਾ ਹੈ। ਹਰ ਵਿਅਕਤੀ ਨੂੰ ਹਰ ਸਮੇਂ ਖ਼ੁਸ਼ ਦਿਖਣ ਲਈ ਮਜਬੂਰ ਕਰਨਾ ਵੀ ਠੀਕ ਨਹੀਂ। ਕਿਸੇ ਦੇ ਚਿਹਰੇ ਉੱਤੇ ਮੁਸਕਰਾਹਟ ਨਾ ਹੋਣ ਦਾ ਮਤਲਬ ਇਹ ਨਹੀਂ ਕਿ ਉਹ ਤਿਉਹਾਰ ਦੀ ਮਹੱਤਤਾ ਨਹੀਂ ਸਮਝਦਾ।

ਇਸ ਸਥਿਤੀ ਵਿੱਚ ਪਰਿਵਾਰਾਂ ਨੂੰ ਆਪਣੀ ਆਰਥਿਕ ਸਮਰੱਥਾ ਅਨੁਸਾਰ ਖ਼ਰਚ ਕਰਨਾ ਚਾਹੀਦਾ ਹੈ। ਤੋਹਫ਼ਿਆਂ ਦੀ ਕੀਮਤ ਦੀ ਥਾਂ ਆਪਸੀ ਸਤਿਕਾਰ ਨੂੰ ਮਹੱਤਵ ਦਿੱਤਾ ਜਾਵੇ। ਜਿਹੜਾ ਵਿਅਕਤੀ ਇਕੱਲਾਪਣ ਜਾਂ ਸੋਗ ਮਹਿਸੂਸ ਕਰ ਰਿਹਾ ਹੋਵੇ, ਉਸ ਨੂੰ ਜ਼ਬਰਦਸਤੀ ਸਮਾਗਮਾਂ ਵਿੱਚ ਸ਼ਾਮਲ ਕਰਨ ਦੀ ਬਜਾਏ ਉਸ ਦੀ ਗੱਲ ਸੁਣੀ ਜਾਵੇ। ਜੇ ਮਾਨਸਿਕ ਤਣਾਅ ਲੰਮਾ ਸਮਾਂ ਬਣਿਆ ਰਹੇ ਅਤੇ ਰੋਜ਼ਾਨਾ ਜੀਵਨ ਪ੍ਰਭਾਵਿਤ ਹੋਵੇ ਤਾਂ ਯੋਗ ਮਾਨਸਿਕ ਸਿਹਤ ਮਾਹਿਰ ਦੀ ਸਲਾਹ ਲੈਣੀ ਚਾਹੀਦੀ ਹੈ।

5. ਹਰੇ ਪਟਾਕਿਆਂ ਦਾ ਦਾਅਵਾ : ਵਿਗਿਆਨਕ ਤੱਥ ਜਾਂ ਵਪਾਰਕ ਪ੍ਰਚਾਰ?

ਪਿਛਲੇ ਕੁਝ ਸਾਲਾਂ ਵਿੱਚ ਵਾਤਾਵਰਣੀ ਪ੍ਰਦੂਸ਼ਣ ਦੇ ਮੱਦੇਨਜ਼ਰ ਹਰੇ ਪਟਾਕਿਆਂ ਦੀ ਚਰਚਾ ਵਧੀ ਹੈ। ਇਨ੍ਹਾਂ ਨੂੰ ਆਮ ਪਟਾਕਿਆਂ ਨਾਲੋਂ ਘੱਟ ਪ੍ਰਦੂਸ਼ਣ ਫੈਲਾਉਣ ਵਾਲੇ ਉਤਪਾਦ ਵਜੋਂ ਪੇਸ਼ ਕੀਤਾ ਜਾਂਦਾ ਹੈ। ਪਰ ਇਸ ਦਾਅਵੇ ਨੂੰ ਸਮਝਣ ਲਈ ਵਿਗਿਆਨਕ ਜਾਂਚ ਅਤੇ ਪ੍ਰਮਾਣੀਕਰਨ ਨੂੰ ਜਾਣਨਾ ਜ਼ਰੂਰੀ ਹੈ।

ਵਿਗਿਆਨਕ ਅਤੇ ਉਦਯੋਗਿਕ ਖੋਜ ਪ੍ਰੀਸ਼ਦ ਦੀ ਰਾਸ਼ਟਰੀ ਵਾਤਾਵਰਣ ਇੰਜਨੀਅਰਿੰਗ ਖੋਜ ਸੰਸਥਾ ਨੇ ਹਰੇ ਪਟਾਕਿਆਂ ਦੀਆਂ ਅਜਿਹੀਆਂ ਰਚਨਾਵਾਂ ਵਿਕਸਿਤ ਕੀਤੀਆਂ ਹਨ, ਜਿਨ੍ਹਾਂ ਵਿੱਚ ਰਵਾਇਤੀ ਪਟਾਕਿਆਂ ਦੇ ਮੁਕਾਬਲੇ ਹਵਾ ਵਿੱਚ ਉੱਡਣ ਵਾਲੇ ਬਰੀਕ ਕਣਾਂ ਦੀ ਮਾਤਰਾ ਘਟਾਉਣ ਦਾ ਪ੍ਰਬੰਧ ਕੀਤਾ ਗਿਆ ਹੈ। ਸੰਸਥਾ ਦੇ ਤਕਨੀਕੀ ਵੇਰਵਿਆਂ ਅਨੁਸਾਰ ਕੁਝ ਪ੍ਰਮਾਣਿਤ ਕਿਸਮਾਂ ਵਿੱਚ ਬਰੀਕ ਕਣਾਂ ਦੇ ਨਿਕਾਸ ਵਿੱਚ ਘੱਟੋ-ਘੱਟ 30 ਫ਼ੀਸਦੀ ਕਮੀ ਦਾ ਮਾਪਦੰਡ ਰੱਖਿਆ ਗਿਆ ਹੈ। ਕੁਝ ਹੋਰ ਰਚਨਾਵਾਂ ਵਿੱਚ ਗੈਸੀ ਪ੍ਰਦੂਸ਼ਕਾਂ ਨੂੰ ਘਟਾਉਣ ਦੇ ਉਪਾਅ ਵੀ ਸ਼ਾਮਲ ਹਨ।

ਪਰ ਇੱਥੇ ਇੱਕ ਅਹਿਮ ਫ਼ਰਕ ਸਮਝਣਾ ਲਾਜ਼ਮੀ ਹੈ। ਘੱਟ ਪ੍ਰਦੂਸ਼ਣ ਦਾ ਅਰਥ ਪ੍ਰਦੂਸ਼ਣ ਰਹਿਤ ਹੋਣਾ ਨਹੀਂ ਹੈ। ਹਰੇ ਪਟਾਕੇ ਵੀ ਸਾੜਨ ਨਾਲ ਧੂੰਆਂ, ਗੈਸਾਂ, ਆਵਾਜ਼ ਅਤੇ ਠੋਸ ਰਹਿੰਦ-ਖੂੰਹਦ ਪੈਦਾ ਹੋ ਸਕਦੀ ਹੈ। ਇਨ੍ਹਾਂ ਦੇ ਨਿਰਧਾਰਤ ਮਾਪਦੰਡਾਂ ਦੀ ਪਾਲਣਾ ਅਤੇ ਪ੍ਰਮਾਣਿਕਤਾ ਦੀ ਜਾਂਚ ਵੀ ਜ਼ਰੂਰੀ ਹੈ।

ਬਾਜ਼ਾਰ ਵਿੱਚ ਸਿਰਫ਼ ਪੈਕਟ ਉੱਤੇ ਹਰਾ ਰੰਗ, ਵਾਤਾਵਰਣ ਪੱਖੀ ਹੋਣ ਦਾ ਦਾਅਵਾ ਜਾਂ ਕੋਈ ਆਕਰਸ਼ਕ ਨਿਸ਼ਾਨ ਲੱਗਿਆ ਹੋਣਾ ਉਤਪਾਦ ਦੀ ਅਸਲ ਪ੍ਰਮਾਣਿਕਤਾ ਦਾ ਸਬੂਤ ਨਹੀਂ। ਖ਼ਰੀਦਦਾਰਾਂ ਨੂੰ ਅਧਿਕਾਰਤ ਜਾਂਚ ਅਤੇ ਪ੍ਰਮਾਣੀਕਰਨ ਦੇ ਵੇਰਵੇ ਦੇਖਣੇ ਚਾਹੀਦੇ ਹਨ। ਗੈਰ-ਪ੍ਰਮਾਣਿਤ ਪਟਾਕਿਆਂ ਨੂੰ ਹਰੇ ਪਟਾਕੇ ਦੱਸ ਕੇ ਵੇਚਣਾ ਖ਼ਪਤਕਾਰਾਂ ਨਾਲ ਧੋਖਾ ਹੈ। ਇਸ ਲਈ ਹਰੇ ਪਟਾਕਿਆਂ ਨੂੰ ਨਾ ਤਾਂ ਬਿਨਾਂ ਜਾਂਚੇ ਸਿਰਫ਼ ਵਪਾਰਕ ਛਲਾਵਾ ਕਹਿਣਾ ਠੀਕ ਹੈ ਅਤੇ ਨਾ ਹੀ ਉਨ੍ਹਾਂ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਮੰਨ ਲੈਣਾ। ਵਿਗਿਆਨਕ ਤੌਰ ਉੱਤੇ ਨਿਕਾਸ ਵਿੱਚ ਕਮੀ ਦੇ ਦਾਅਵੇ ਮੌਜੂਦ ਹਨ, ਪਰ ਹਵਾ ਦੀ ਸਮੁੱਚੀ ਗੁਣਵੱਤਾ ਉੱਤੇ ਪ੍ਰਭਾਵ ਪਟਾਕਿਆਂ ਦੀ ਗਿਣਤੀ, ਉਨ੍ਹਾਂ ਦੀ ਕਿਸਮ, ਮੌਸਮ ਅਤੇ ਹਵਾ ਦੇ ਵਹਾਅ ਉੱਤੇ ਵੀ ਨਿਰਭਰ ਕਰਦਾ ਹੈ।

ਪ੍ਰਬੰਧਕੀ ਜ਼ਿੰਮੇਵਾਰੀ ਅਤੇ ਸਮਾਜਿਕ ਜਵਾਬਦੇਹੀ: ਇਨ੍ਹਾਂ ਪੰਜਾਂ ਪੱਖਾਂ ਨੂੰ ਵੇਖਦਿਆਂ ਸਪੱਸ਼ਟ ਹੁੰਦਾ ਹੈ ਕਿ ਦੀਵਾਲੀ ਦੇ ਜਸ਼ਨਾਂ ਨੂੰ ਸਿਰਫ਼ ਵਿਅਕਤੀਗਤ ਪਸੰਦ ਜਾਂ ਖ਼ਰੀਦਦਾਰੀ ਤੱਕ ਸੀਮਤ ਨਹੀਂ ਰੱਖਿਆ ਜਾ ਸਕਦਾ। ਇਸ ਨਾਲ ਨਗਰ ਨਿਗਮਾਂ, ਸਰਕਾਰੀ ਵਿਭਾਗਾਂ, ਵਪਾਰਕ ਅਦਾਰਿਆਂ, ਸਮਾਜਿਕ ਸੰਸਥਾਵਾਂ ਅਤੇ ਆਮ ਨਾਗਰਿਕਾਂ ਦੀਆਂ ਜ਼ਿੰਮੇਵਾਰੀਆਂ ਵੀ ਜੁੜੀਆਂ ਹੋਈਆਂ ਹਨ।

ਨਗਰ ਨਿਗਮਾਂ ਨੂੰ ਤਿਉਹਾਰਾਂ ਤੋਂ ਪਹਿਲਾਂ ਅਤੇ ਬਾਅਦ ਕੂੜਾ ਇਕੱਠਾ ਕਰਨ ਦਾ ਵਿਸ਼ੇਸ਼ ਪ੍ਰਬੰਧ ਕਰਨਾ ਚਾਹੀਦਾ ਹੈ। ਘੁਮਿਆਰਾਂ ਅਤੇ ਹੋਰ ਰਵਾਇਤੀ ਕਾਰੀਗਰਾਂ ਨੂੰ ਸਥਾਈ ਬਾਜ਼ਾਰ ਅਤੇ ਆਰਥਿਕ ਸਹਾਇਤਾ ਮਿਲਣੀ ਚਾਹੀਦੀ ਹੈ। ਵਿਦੇਸ਼ਾਂ ਵਿੱਚ ਵੱਸਦੇ ਛੋਟੇ ਭਾਈਚਾਰਿਆਂ ਨੂੰ ਆਪਣੀ ਸੱਭਿਆਚਾਰਕ ਪਛਾਣ ਕਾਇਮ ਰੱਖਣ ਲਈ ਸਾਂਝੇ ਮੰਚ ਮਿਲਣੇ ਚਾਹੀਦੇ ਹਨ। ਮਾਨਸਿਕ ਸਿਹਤ ਨੂੰ ਵੀ ਤਿਉਹਾਰੀ ਸਮਾਜਿਕ ਜੀਵਨ ਦਾ ਜ਼ਰੂਰੀ ਹਿੱਸਾ ਮੰਨਿਆ ਜਾਣਾ ਚਾਹੀਦਾ ਹੈ ਅਤੇ ਹਰੇ ਪਟਾਕਿਆਂ ਦੇ ਦਾਅਵਿਆਂ ਦੀ ਵਿਗਿਆਨਕ ਜਾਂਚ ਲਾਜ਼ਮੀ ਹੋਣੀ ਚਾਹੀਦੀ ਹੈ।

ਦੀਵਾਲੀ ਉੱਤੇ ਕਿੰਨੇ ਦੀਵੇ ਜਗਾਏ ਗਏ ਜਾਂ ਕਿੰਨੀ ਆਤਿਸ਼ਬਾਜ਼ੀ ਕੀਤੀ ਗਈ, ਨਾਲੋਂ ਇਹ ਦੇਖਣਾ ਹੈ ਕਿ ਇਸ ਤਿਉਹਾਰ ਦੇ ਜਸ਼ਨਾਂ ਦੌਰਾਨ ਕਿਸੇ ਮਿਹਨਤਕਸ਼ ਦੀ ਸਿਹਤ, ਕਿਸੇ ਕਾਰੀਗਰ ਦੀ ਰੋਜ਼ੀ-ਰੋਟੀ, ਕਿਸੇ ਪਰਿਵਾਰ ਦੀ ਆਰਥਿਕ ਹਾਲਤ ਅਤੇ ਕਿਸੇ ਇਕੱਲੇ ਵਿਅਕਤੀ ਦੀਆਂ ਭਾਵਨਾਵਾਂ ਨੂੰ ਤਾਂ ਨਜ਼ਰਅੰਦਾਜ਼ ਨਹੀਂ ਕੀਤਾ ਗਿਆ।

ਦੀਵਾਲੀ ਦੀ ਸਮਾਜਿਕ ਸਾਰਥਕਤਾ ਦੀ ਪਰਖ ਇਨ੍ਹਾਂ ਅਣਦੇਖੇ ਪੱਖਾਂ ਨੂੰ ਧਿਆਨ ਵਿੱਚ ਰੱਖ ਕੇ ਵੀ ਹੋਣੀ ਚਾਹੀਦੀ ਹੈ। ਤਿਉਹਾਰ ਦੀ ਰੌਣਕ ਦੇ ਨਾਲ ਸਫ਼ਾਈ ਕਾਮਿਆਂ ਦੀ ਸੁਰੱਖਿਆ, ਸਥਾਨਕ ਕਾਰੀਗਰਾਂ ਦੀ ਰੋਜ਼ੀ, ਲੋੜਵੰਦਾਂ ਦੀ ਸਹਾਇਤਾ ਅਤੇ ਵਾਤਾਵਰਣ ਦੀ ਸੰਭਾਲ ਨੂੰ ਵੀ ਬਰਾਬਰ ਦੀ ਤਰਜੀਹ ਮਿਲਣੀ ਚਾਹੀਦੀ ਹੈ।

ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਕਰੀਅਰ ਕਾਊਂਸਲਿੰਗ ਤੇ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ

ਪਟਿਆਲਾ, 7 ਨਵੰਬਰ
-ਸ਼ਹੀਦ-ਏ-ਆਜ਼ਮ-ਬਿਊਰੋ-

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਸਕੂਲੀ ਪੱਧਰ ਤੱਕ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਉਨ੍ਹਾਂ ਦੇ ਭਵਿੱਖ ਨੂੰ ਸਹੀ ਦਿਸ਼ਾ ਦੇਣ ਦੇ ਉਦੇਸ਼ ਨਾਲ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (ਡੀ.ਬੀ.ਈ.ਈ.), ਪਟਿਆਲਾ ਨੇ ਮਾਡਲ ਟਾਊਨ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਵਿਖੇ ਜ਼ਿਲ੍ਹਾ ਸਿੱਖਿਆ ਦਫ਼ਤਰ ਦੇ ਬਲਾਕ ਕਾਊਂਸਲਰਾਂ ਲਈ ਜ਼ਿਲ੍ਹਾ ਪੱਧਰੀ



ਕਰੀਅਰ ਕਾਊਂਸਲਿੰਗ ਅਤੇ ਨਸ਼ਾ ਵਿਰੋਧੀ ਜਾਗਰੂਕਤਾ ਸੈਸ਼ਨ ਕਰਵਾਇਆ। ਮਾਸ ਕਾਊਂਸਲਿੰਗ ਪ੍ਰੋਗਰਾਮ- 2026 ਤਹਿਤ ਕਰਵਾਏ ਇਸ ਸੈਸ਼ਨ ਦੌਰਾਨ ਬਲਾਕ ਕਾਊਂਸਲਰਾਂ ਨੂੰ ਵਿਦਿਆਰਥੀਆਂ ਦੀ ਰੁਚੀ ਅਤੇ ਯੋਗਤਾ ਅਨੁਸਾਰ ਉੱਚ ਸਿੱਖਿਆ, ਰੋਜ਼ਗਾਰ ਅਤੇ ਸਵੈ-ਰੋਜ਼ਗਾਰ ਦੇ ਮੌਕਿਆਂ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਉਨ੍ਹਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਅਤੇ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।

ਐੱਸ.ਡੀ.ਐੱਮ. ਸਮਾਣਾ ਰਿਚਾ ਗੋਇਲ ਵੱਲੋਂ ਪਰਾਲੀ ਸਾੜਨ ਦੀਆਂ ਘਟਨਾਵਾਂ ਰੋਕਣ ਲਈ ਪ੍ਰੇਮਗੜ੍ਹ ਤੇ ਸ਼ਾਹਪੁਰ ਪਿੰਡਾਂ ਦਾ ਦੌਰਾ



ਪਟਿਆਲਾ, 7 ਨਵੰਬਰ
-ਅਮਰਜੀਤ ਸਿੰਘ ਲਾਂਬਾ-
-ਸ਼ਹੀਦ-ਏ-ਆਜ਼ਮ-ਬਿਊਰੋ-

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਪਟਿਆਲਾ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਅਤੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਪ੍ਰਸ਼ਾਸਨ ਵੱਲੋਂ ਲਗਾਤਾਰ ਜ਼ਮੀਨੀ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਐੱਸ.ਡੀ.ਐੱਮ. ਸਮਾਣਾ ਰਿਚਾ ਗੋਇਲ ਨੇ ਡੀ.ਐੱਸ.ਪੀ. ਫਤਿਹ ਸਿੰਘ ਬਰਾੜ ਸਮੇਤ ਪ੍ਰੇਮਗੜ੍ਹ ਅਤੇ ਸ਼ਾਹਪੁਰ ਪਿੰਡਾਂ ਦਾ ਦੌਰਾ ਕਰਕੇ ਪਰਾਲੀ ਪ੍ਰਬੰਧਨ ਸਬੰਧੀ ਕੀਤੇ ਜਾ ਰਹੇ ਉਪਰਾਲਿਆਂ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਪਿੰਡਾਂ ਦੇ ਨੰਬਰਦਾਰਾਂ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਕਿਹਾ ਕਿ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਪਿੰਡ ਪੱਧਰ 'ਤੇ ਸਾਂਝੀ ਜ਼ਿੰਮੇਵਾਰੀ ਨਿਭਾਉਣ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਨੰਬਰਦਾਰ ਆਪਣੇ ਪਿੰਡਾਂ ਦੇ ਕਿਸਾਨਾਂ ਨਾਲ ਨਿਰੰਤਰ ਸੰਪਰਕ ਬਣਾਈ ਰੱਖਣ ਅਤੇ ਉਨ੍ਹਾਂ ਨੂੰ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਆਧੁਨਿਕ ਖੇਤੀ ਮਸ਼ੀਨਰੀ ਤੇ ਹੋਰ ਉਪਲਬਧ ਤਰੀਕਿਆਂ ਰਾਹੀਂ ਇਸ ਦਾ ਸੁਚੱਜਾ ਪ੍ਰਬੰਧਨ ਕਰਨ ਲਈ ਪ੍ਰੇਰਿਤ ਕਰਨ। ਉਨ੍ਹਾਂ ਬਿਨਾਂ ਅੱਗ ਲਗਾਏ ਪਰਾਲੀ ਦਾ ਪ੍ਰਬੰਧਨ ਕਰ ਰਹੇ ਕਿਸਾਨਾਂ ਦੇ ਯਤਨਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਜਿਹੇ ਕਿਸਾਨ ਹੋਰਨਾਂ ਲਈ ਵੀ ਪ੍ਰੇਰਨਾ ਸਰੋਤ ਹਨ।

ਐੱਸ.ਡੀ.ਐੱਮ. ਨੇ ਪਿੰਡਾਂ ਵਿੱਚ ਪਰਾਲੀ ਪ੍ਰਬੰਧਨ ਸਬੰਧੀ ਚੱਲ ਰਹੀਆਂ ਗਤੀਵਿਧੀਆਂ ਅਤੇ ਪ੍ਰਸ਼ਾਸਨਿਕ ਪ੍ਰਬੰਧਾਂ ਬਾਰੇ ਅਧਿਕਾਰੀਆਂ ਤੋਂ ਜਾਣਕਾਰੀ ਵੀ ਲਈ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕਿਸਾਨਾਂ ਤੱਕ ਪਰਾਲੀ ਪ੍ਰਬੰਧਨ ਦੇ ਵਿਗਿਆਨਕ ਅਤੇ ਵਾਤਾਵਰਨ ਪੱਖੀ ਤਰੀਕਿਆਂ ਦੀ ਜਾਣਕਾਰੀ ਪਹੁੰਚਾਉਣ ਲਈ ਜਾਗਰੂਕਤਾ ਗਤੀਵਿਧੀਆਂ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇ।

ਉਨ੍ਹਾਂ ਕਿਹਾ ਕਿ ਸਾਫ਼-ਸੁਥਰਾ ਵਾਤਾਵਰਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਸਿਹਤ ਸੁਰੱਖਿਅਤ ਰੱਖਣ ਲਈ ਪਰਾਲੀ ਨੂੰ ਅੱਗ ਲਗਾਉਣ ਤੋਂ ਗੁਰੇਜ਼ ਕਰਨਾ ਸਮੇਂ ਦੀ ਮੁੱਖ ਲੋੜ ਹੈ।

ਇਸ ਮੰਤਵ ਦੀ ਪ੍ਰਾਪਤੀ ਲਈ ਕਿਸਾਨਾਂ, ਪਿੰਡਾਂ ਦੇ ਨੁਮਾਇੰਦਿਆਂ ਅਤੇ ਪ੍ਰਸ਼ਾਸਨ ਵਿਚਕਾਰ ਆਪਸੀ ਤਾਲਮੇਲ ਅਤੇ ਸਹਿਯੋਗ ਬੇਹੱਦ ਮਹੱਤਵਪੂਰਨ ਹੈ।

ਵਿਦਿਆਰਥੀਆਂ ਦੀ ਮਾਨਸਿਕ ਸਿਹਤ ਅਤੇ ਨਸ਼ਿਆਂ ਤੋਂ ਬਚਾਅ ਲਈ ਅਧਿਆਪਕਾਂ ਦੀ ਭੂਮਿਕਾ ਅਹਿਮ : ਮਮਤਾ ਖੁਰਾਣਾ



ਪਟਿਆਲਾ, 7 ਨਵੰਬਰ
-ਸ਼ਹੀਦ-ਏ-ਆਜ਼ਮ-ਬਿਊਰੋ-

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਲਟੀਪਰਪਜ਼ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿਵਲ ਲਾਈਨਜ਼ ਵਿਖੇ ਅਧਿਆਪਕਾਂ ਲਈ ਚੱਲ ਰਹੀ 'ਨਸ਼ਾ ਮੁਕਤ ਭਾਰਤ ਅਭਿਆਨ' ਤਹਿਤ ਟਰੇਨਿੰਗ ਦਾ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਮਮਤਾ ਖੁਰਾਣਾ ਅਤੇ ਡਿਪਟੀ ਡੀਈਓ ਰਵਿੰਦਰਪਾਲ ਸ਼ਰਮਾ ਵੱਲੋਂ ਦੌਰਾ ਕਰਕੇ ਨਿਰੀਖਣ ਕੀਤਾ ਗਿਆ। ਇਸ ਇੱਕ ਰੋਜ਼ਾ ਸਿਖਲਾਈ ਪ੍ਰੋਗਰਾਮ ਦੀ ਸ਼ੁਰੂਆਤ 12 ਅਕਤੂਬਰ ਤੋਂ ਕੀਤੀ ਗਈ ਸੀ।

ਇਸ ਮੌਕੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਮਮਤਾ ਖੁਰਾਣਾ ਨੇ ਕਿਹਾ ਕਿ ਅਧਿਆਪਕਾਂ ਦੀ ਜ਼ਿੰਮੇਵਾਰੀ ਕੇਵਲ ਵਿਦਿਆਰਥੀਆਂ ਨੂੰ ਵਿੱਦਿਅਕ ਗਿਆਨ ਪ੍ਰਦਾਨ ਕਰਨ ਤੱਕ ਹੀ ਸੀਮਤ ਨਹੀਂ, ਸਗੋਂ ਉਨ੍ਹਾਂ ਦੀ ਮਾਨਸਿਕ ਸਿਹਤ, ਸ਼ਖ਼ਸੀਅਤ ਦੇ ਸਰਬਪੱਖੀ ਵਿਕਾਸ ਅਤੇ ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਕਰਨਾ ਵੀ ਓਨੀ ਹੀ ਅਹਿਮੀਅਤ ਰੱਖਦਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਵਰਗੀ ਸਮਾਜਿਕ ਲਾਹਨਤ ਤੋਂ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਅਧਿਆਪਕਾਂ ਨੂੰ ਆਪਣੀ ਭੂਮਿਕਾ ਪੂਰੀ ਸੁਹਿਰਦਤਾ ਅਤੇ ਤਨਦੇਹੀ ਨਾਲ ਨਿਭਾਉਣੀ ਚਾਹੀਦੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਨੂੰ ਬਿਹਤਰ ਬਣਾਉਣ ਲਈ ਉਨ੍ਹਾਂ ਨਾਲ ਖੁੱਲ੍ਹ ਕੇ ਸੰਵਾਦ ਰਚਾਉਣਾ, ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਨਾ ਅਤੇ ਉਨ੍ਹਾਂ ਨੂੰ ਖੇਡਾਂ ਤੇ ਹੋਰ ਉਸਾਰੂ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕਰਨਾ ਜ਼ਰੂਰੀ ਹੈ। ਇਸ ਤੋਂ ਇਲਾਵਾ ਲੋੜੀਂਦੀ ਨੀਂਦ, ਸੰਤੁਲਿਤ ਖ਼ੁਰਾਕ ਅਤੇ ਤਣਾਅ-ਮੁਕਤ ਮਾਹੌਲ ਵੀ ਬੱਚਿਆਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ।

ਇਸ ਮੌਕੇ ਡਿਪਟੀ ਡੀਈਓ ਡਾ. ਰਵਿੰਦਰਪਾਲ ਸ਼ਰਮਾ ਨੇ ਵੀ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਜਿਹੇ ਸਿਖਲਾਈ ਪ੍ਰੋਗਰਾਮ ਅਧਿਆਪਕਾਂ ਦੀ ਸਮਰੱਥਾ ਵਿੱਚ ਵਾਧਾ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਵਿਦਿਆਰਥੀਆਂ ਦੀਆਂ ਬਦਲਦੀਆਂ ਮਨੋਵਿਗਿਆਨਕ ਲੋੜਾਂ ਨੂੰ ਸਮਝਣ ਵਿੱਚ ਵੀ ਸਹਾਈ ਹੁੰਦੇ ਹਨ। ਜ਼ਿਲ੍ਹਾ ਨੋਡਲ ਅਧਿਕਾਰੀ ਨੀਰੂ ਬਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਧਿਆਪਕਾਂ ਵੱਲੋਂ ਇਨ੍ਹਾਂ ਸਿਖਲਾਈ ਪ੍ਰੋਗਰਾਮਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਟਰੇਨਿੰਗ ਦੌਰਾਨ ਪ੍ਰਾਪਤ ਜਾਣਕਾਰੀ ਅਧਿਆਪਕਾਂ ਨੂੰ ਸਕੂਲਾਂ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਪੈਦਾ ਕਰਨ ਅਤੇ ਵਿਦਿਆਰਥੀਆਂ ਨੂੰ ਸਹੀ ਸੇਧ ਦੇਣ ਵਿੱਚ ਮਦਦਗਾਰ ਸਾਬਤ ਹੋਵੇਗੀ। ਇਸ ਮੌਕੇ ਡਾ. ਰਮਨਦੀਪ ਕੌਰ (ਵੈਨਿਊ ਕੋਆਰਡੀਨੇਟਰ), ਮੀਨਾ ਨਾਰੰਗ (ਵੈਨਿਊ ਕੋਆਰਡੀਨੇਟਰ), ਲਲਿਤ ਸਿੰਗਲਾ (ਵੈਨਿਊ ਕੋਆਰਡੀਨੇਟਰ), ਚਮਨ ਸ਼ਰਮਾ, ਇਕਬਾਲ ਸਿੰਘ, ਵਿਨੋਦ ਕੁਮਾਰ, ਰਸ਼ਮੀ ਸ਼ਰਮਾ, ਦਵਿੰਦਰ ਸਿੰਘ, ਯੁਵਰਾਜ ਅਰੋੜਾ ਅਤੇ ਅਜੈ ਕੁਮਾਰ (ਬੀਆਰਸੀ) ਸਮੇਤ ਹੋਰ ਅਧਿਆਪਕ ਵੀ ਮੌਜੂਦ ਸਨ।

Shaheedeazamnews.com
ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
9814632807

ਸ਼ੁਭ ਦੀਪਾਵਲੀ HAPPY DIWALI
"ਪੰਥਕ ਸੋਚ, ਸਿਧਾਂਤਾਂ ਦੀ ਪਹਿਰੇਦਾਰੀ ਅਤੇ ਕੌਮੀ ਹਿੱਤਾਂ ਦੀ ਆਵਾਜ਼।"



ਕੁਲਵਿੰਦਰ ਸਿੰਘ
ਸਾਬਕਾ ਸਰਪੰਚ ਭੁਨਰਹੇੜੀ ਅਤੇ ਸ਼੍ਰੋਮਣੀ ਪੰਥਕ ਆਗੂ ਬਲਾਕ ਸਨੌਰ
ਤੁਹਾਡੇ ਸੁਪਨਿਆਂ ਨੂੰ ਮਿਲੇ ਨਵੀਂ ਉਡਾਣ,
ਹਰ ਘਰ ਵਿੱਚ ਹੋਵੇ ਖ਼ੁਸ਼ਹਾਲੀ ਅਤੇ ਹਰ ਇਲਾਕੇ ਵਿੱਚ ਵਿਕਾਸ ਦੀ ਨਵੀਂ ਸਵੇਰ।
ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ!

ਸ਼ੁਭ ਦੀਪਾਵਲੀ HAPPY DIWALI
"ਪਟਿਆਲਾ ਦੀ ਸਿਆਸਤ ਵਿੱਚ ਲੰਮੀ ਸਰਗਰਮੀ, ਨਸ਼ਾ ਵਿਰੋਧੀ ਮੁਹਿੰਮ ਨਾਲ ਜੁੜੀ ਪਛਾਣ।"



ਰਣਜੀਤ ਸਿੰਘ ਨਿੱਕੜਾ
ਕੌਮੀ ਪ੍ਰਧਾਨ ਕਮ ਚੇਅਰਮੈਨ ADFI
ਗੁਰੂ ਸਾਹਿਬਾਨਾਂ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਉਹ ਸਾਰਿਆਂ ਦੇ ਜੀਵਨ ਵਿੱਚੋਂ ਅਗਿਆਨਤਾ ਦਾ ਹਨੇਰਾ ਮਿਟਾ ਕੇ ਗਿਆਨ ਅਤੇ ਸੱਚਾਈ ਦਾ ਪ੍ਰਕਾਸ਼ ਕਰਨ।
ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ!

Shaheed-e-Azam Printed, published and owned by Harjinder Chaudhary printed at Raftaar Printing Press, Factory Area, Patiala and published at Office Shaheed-e-Azam, Dukhniwaran Chowk Patiala.
Editor : Chhatarpal Singh
PRGI (RNI) Regd. No. 42354

ਨੋਟ : ਸੰਪਾਦਕ ਸਿਰਫ਼ ਪੀ ਆਰ ਬੀ ਐਕਟ ਅਧੀਨ ਖ਼ਬਰਾਂ ਲਈ ਜ਼ਿੰਮੇਵਾਰ ਕਿਸੇ ਵੀ ਕਿਸਮ ਦੇ ਝਗੜਿਆਂ ਦਾ ਨਿਪਟਾਰਾ ਸਿਰਫ਼ ਪਟਿਆਲਾ ਅਦਾਲਤ 'ਚ ਹੀ ਹੋਵੇਗਾ।

Shaheed-e-Azam, Daily Punjabi Newspaper, Patiala
Editor-in-Chief : Prabhjit Singh
Editor : Chhatarpal Singh
Contact : 93165-23260, 98146-32807
Email : seanewspatiala@gmail.com
www.shaheedeazamnews.com
For Advertisement : 93165-23260, 98146-32807

ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ ਦੀਵਾਲੀ, ਬੰਦੀ ਛੋੜ ਦਿਵਸ, ਗੁਰਪੁਰਬ ਦੀਆਂ ਲੱਖ-ਲੱਖ ਵਧਾਈਆਂ ਹੋਣ ਜੀ

M.: 97797-36460
Dr. (Mrs.) Akanksha
M.B.B.S., M.S.
Eye Specialist
Dr. Animesh Jindal
M.B.B.S. (AIIMS New Delhi)
M.D. Ophthalmology (AIIMS, New Delhi)
FRCS I (Glasgow, UK)
Fellow LVPEI (Hyderabad)
Super Specialisation in Vitreo-Retina & Uveitis
ਅੱਖਾਂ ਦਾ ਚੈਕ ਅੱਪ ਸਮਾਂ : ਸ਼ਨੀਵਾਰ ਸਵੇਰੇ 9.00 ਵਜੇ ਤੋਂ ਸ਼ਾਮ 7.00 ਵਜੇ ਤੱਕ

98151-84989
76579-97433
RNB BRICKS
Mfrs. of :
Excellent Bricks & Tiles
Near Rakhra Sugar Mill, Rakhra (PTA)

Vijay Kumar
M: 98556-24396
Munshi : 98550-05396
Ph. : 01675-215855
VIJAY KUMAR B.K.O.
Spl. in : High Class Bricks & Tiles
Dhuri to Amargarh Road, ISSI (Dhuri)
ਵਿਜੇ ਕੁਮਾਰ ਬੀ.ਕੇ.ਓ.
ਧੂਰੀ ਤੋਂ ਅਮਰਗੜ੍ਹ ਰੋਡ, ਈਸੀ (ਜ਼ਿਲ੍ਹਾ ਸੰਗਰੂਰ)
ਇੱਥੇ ਵਧੀਆ ਕੁਆਲਟੀ ਦੀਆਂ ਇੱਟਾਂ ਅਤੇ ਟਾਇਲਾਂ ਖ਼ਰੀਦਣ ਲਈ ਮਿਲੋ।

ਬਿੱਟੂ ਡੈਂਟਰ 84370-91543
ਬੇਅੰਤ ਸਿੰਘ 97795-07495
ਪੰਜਾਬ ਮੋਟਰ ਗੈਰਿਜ ਡੈਂਟਿੰਗ ਪੇਂਟਿੰਗ
ਇੱਥੇ ਹਰ ਪ੍ਰਕਾਰ ਦੀਆਂ ਗੱਡੀਆਂ ਦੀ ਡੈਂਟਿੰਗ-ਪੇਂਟਿੰਗ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ।
M.K ਰੋਡ, ਧੂਰੀ

M.: 92169-72309
92164-00900
77173-98021
ਸਰਸਵਤੀ ਬਰਿੱਕ ਵਰਕਸ
KEWAL BRICKS
For A Strong Base...
ਬਿਜਲੀ ਵਾਲੇ ਭੱਠੇ ਦੁਆਰਾ ਬਣੀਆਂ ਵਧੀਆ ਅਤੇ ਉਤਮ ਕਿਸਮ ਦੀਆਂ ਇੱਟਾਂ ਲਈ ਸੰਪਰਕ ਕਰੋ।
ਨੋਟ: ਖਾਸ ਬਿਨ੍ਹਾਂ ਨਮਕ ਤੋਂ ਤਿਆਰ ਕੀਤੀਆਂ ਇੱਟਾਂ ਲਈ ਸੰਪਰਕ ਕਰੋ।
ਮਲੇਰਕੋਟਲਾ ਨਾਭਾ ਰੋਡ, ਪਿੰਡ ਮਹੋਰਾਣਾ (ਮਲੇਰਕੋਟਲਾ)

Avtar K. Goyal
M. 98148 34639
Anish Goyal
M. 70874-57639
AKM Bricks
(Shiv Om Gram Udyog Samiti)
Mfg. of
Best Quality Bricks & Tiles
Vill. Dhablan (Patiala)
Munshi : 98146-12639

(M) 98551-73353
(M) 62390-80879
ਗੋਇਲ ਐਂਡ ਕੰਪਨੀ ਬੀ.ਕੇ.ਓ.
ਇਹ ਭੱਠਾ ਪੁਰਾਣਾ ਤੇ ਮਸ਼ਹੂਰ ਕੁੰਪ ਕਲਾਂ ਤੋਂ ਸੰਦੌੜ ਵਾਲੀ ਸੜਕ ਉਪਰ 5 ਕਿਲੋਮੀਟਰ ਤੇ ਹੈ।
ਨੋਟ : ਇੱਥੇ ਇੱਟਾਂ ਬਲਾਉਣ ਲਈ ਕੋਈ ਕੈਮੀਕਲ ਜਾਂ ਨਮਕ ਨਹੀ ਵਰਤੀਆਂ ਜਾਂਦਾ
ਪਿੰਡ ਭੀਖਮਪੁਰ (ਬੇਗੋਵਾਲ) ਤਹਿ. ਮਾਲੇਰਕੋਟਲਾ (ਸੰਗਰੂਰ)

ਮੁਨਸ਼ੀ 99 88 444 077
ਮੁਨਸ਼ੀ 92 56 373 465
ਰੁਲਦੂ ਰਾਮ ਜੀ
ਦਾ ਸਭ ਤੋਂ ਪੁਰਾਣਾ ਅਤੇ ਮਸ਼ਹੂਰ ਭੱਠਾ
ਇੱਥੇ ਵਧੀਆ ਕੁਆਲਿਟੀ ਦੀ ਮੋਟੀ ਇੱਟ ਅਤੇ ਟਾਇਲ ਇੱਟ ਦੇ ਆਰਡਰ ਬੁੱਕ ਕੀਤੇ ਜਾਂਦੇ ਹਨ।
ਨੋਟ: ਇੱਥੇ ਕੁੱਟੀ ਹੋਈ ਰੋੜੀ ਬਾਜ਼ਾਰ ਨਾਲੋਂ ਸਸਤੇ ਰੇਟਾਂ ਤੇ ਲਵੋ ਜੀ।
ਕੰਗਣਵਾਲ ਤੋਂ ਮਾਲੇਰਕੋਟਲਾ ਰੋਡ, ਮਾਣਕਵਾਲ ਚੌਕ, ਪਿੰਡ ਬਾਠਾਂ, ਜ਼ਿਲ੍ਹਾ ਮਾਲੇਰਕੋਟਲਾ-148019

Vishal Mittal (Bunty)
M. 97796-84805
Munshi :
97813-30288
97813-52288
CHANDAN BRICK KILN
Spl. in : High Class Bricks & Tiles
Todarwal Road, Salempur (Amargarh)
ਮੈ: ਚੰਦਨ ਬਰਿਕ ਕਿਲਨ
ਟੋਡਰਵਾਲ ਰੋਡ, ਸਲੇਮਪੁਰ (ਅਮਰਗੜ੍ਹ)
ਇੱਥੇ ਵਧੀਆ ਕੁਆਲਟੀ ਦੀਆਂ ਇੱਟਾਂ ਅਤੇ ਟਾਇਲਾਂ ਖ਼ਰੀਦਣ ਲਈ ਮਿਲੋ।

ਵਿਜੇ ਕੁਮਾਰ 94173-95070
ਸੁਨੀਲ ਕੁਮਾਰ 94173-84337
ਸਚਿਨ ਗਰਗ 98150-84648
ਮੈ: ਲਕਸ਼ਮੀ ਬੀ. ਕੇ. ਓ.
ਹਾਈਡਰਾਫਟ ਬਿਜਲੀ ਵਾਲਾ ਭੱਠਾ
ਇੱਥੇ ਇੱਟਾਂ ਅਤੇ ਟਾਇਲਾਂ ਵਧੀਆ ਕੁਆਲਟੀ ਦੀਆਂ ਮਿਲਦੀਆਂ ਹਨ।
ਸੁਨਾਮ ਰੋਡ, ਲੌਂਗੋਵਾਲ-148106 (ਸੰਗਰੂਰ)

DEEPAK JINDAL
Mob. 98146-32267
JINDAL POLYVIN PIPES
An ISO 9001-2000 COMPANY
Mfg. of High Class Regid PVC Pipes
V. Manwala, Near F.C.I. Godown No.4, DHURI 148024 (Pb.)
Fax/Ph. 01675-222411, E-mail : jindalpolyvinpipes@gmail.com

KAMAL SHARMA
M.: 98140-01878
: 97793-99023
E-mail : kamalkumar1234.kk97@gmail.cor
GSTIN : 03AHCPK5205G1Z
K.K. PLYWOOD & HARDWARE STORE
Deals in : Nerolac Paints & Asian Paints
All kinds of Plywood, Sunmica, Cabinet, Handles, Fancy Door Fittings, Modular, Kitchen Chimneys.
MALERKOTLA ROAD, KUP KALAN

Puneet Dhingra
M:- 9814045267
Chilled Rolls
INDIA FACTORY
AN ISO 9001 : 2015 CO.
Mfrs. & Exporters : Chill Rolls for Flour, Feed and Oil Milling etc.
Add. C-5 & 6, Industrial Estate, Malerkotla-148 023 (Pb.) India

Ravinder Kumar
98726-54107
Munshi : 98764-58107
76967-99324
MAA LUXMI BRICK KILN
Manufacturing of Best Quality Bricks & Tiles
Benra Road, Vill. Saron, Teh. & Distt. Sangrur (Pb.)

Abdul Haleem
(98763-45602)
(94635-62856)
Office:
70876-47995
Mohd. Ishtiaq
(99151-98707)
Milkovel
Ice Cream
MUSHTAQ ICE CREAM JARG ROAD, MALERKOTLA-148023 (PB.)
E-mail: milkovel0786@gmail.com Website: www.milkovel.com

Pawan Kumar
Munshi BKO
PBC
DHARAMPAUL BKO
98762-00346
99150-46503
Vill. Lakhewal, P.O. Chano, Distt. Sangrur (Pb.)

ਡਾ : ਮਹਿਕ ਜੈਨ
BDS
Ex. Jr GMCH 32 CHD
+91 91151 35965
ਜੈਨ ਦੰਦਾ ਦਾ ਹਸਪਤਾਲ
ਮਲਟੀ ਸਪੈਸ਼ਲਿਟੀ ਡੈਂਟਲ ਐਂਡ ਲਿਮਪਲਾਂਟ ਸੈਂਟਰ
ਲਾਲ ਬਜ਼ਾਰ, ਪੁਰਾਣੀ ਦਾਣਾ ਮੰਡੀ, ਮਾਲੇਰਕੋਟਲਾ, Email : jaindentalmlk@gmail.com

0175-5014275, 9988844709
HOTEL SEA
SHAHEED-E-AZAM
AC ROOMS
RESTAURANT
BREAKFAST LUNCH DINNER
SCO 3 & 4, Shaheed-e-Azam Complex
Chowk Dukhniwaran Sahib, Sirhind Road, Patiala

ਬਹਾਦਰ ਸਿੰਘ ਰਾਏ 'ਕੁਤਬਾ'
ਪ੍ਰਧਾਨ, ਜ਼ਿਲ੍ਹਾ ਮਾਲੇਰਕੋਟਲਾ
+91 94178 00422
ਪੰਜਾਬ ਪੁਲਿਸ
ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ
ਰਜਿ. ਨੰਬਰ 344/12 ਪੰਜਾਬ, ਜ਼ਿਲ੍ਹਾ ਮਾਲੇਰਕੋਟਲਾ

ਸੰਦੀਪ ਸਿੰਗਲਾ (ਸੋਨੂੰ)
ਮੋ. 93573-10008
ਮੁਨਸੀ :
ਮੋ. 84379-00251
73470-33799
ਬਾਬਰਪੁਰ ਵਾਲਾ ਭੱਠਾ
ਅਸ਼ੋਕ ਕੁਮਾਰ ਬੀ.ਕੇ.ਓ.
ਸਟੈਂਡਰਡ ਮਾਪ ਦੀਆਂ ਵਧੀਆ ਅਵੱਲ ਦਰਜੇ ਦੀਆਂ ਇੱਟਾਂ ਅਤੇ ਟਾਇਲਾਂ ਲੈਣ ਲਈ ਸੰਪਰਕ ਕਰੋ
ਪਿੰਡ ਬਾਬਰਪੁਰ, ਤਹਿ: ਪਾਇਲ (ਜ਼ਿਲ੍ਹਾ ਲੁਧਿਆਣਾ)

Parshotam Dass 98148-21259
Sandeep Kumar 98556-21259
M/s. Parshotam Dass B.K.O.
V & P.O. Kheri (Sangrur) 148001
For Best Quality of Bricks & Tiles

98787-87917
98776-00100
BHARAT PLYWOOD INDUSTRIES
Lets Restore Eco Quality
Village: Noorpura, Tehsil-Bhawanigarh
Distt. Sangrur, Punjab-148026
bharatplywoodind@gmail.com

M. 93166-18500
M. 98144-82435
M. 95018-30021
M. 81226-00009
ਦਸ਼ਮੇਸ਼ ਐਗਰੋ ਫੀਡ ਇੰਡਸਟਰੀਜ਼
ਇਥੇ ਪਸ਼ੂਆਂ ਵਾਸਤੇ ਵਧੀਆ (ਵੜੇਵਿਆਂ ਵਾਲੀ) ਖਲ, ਫੀਡ, ਚੋਕਰ, ਸਿਲਕਾ ਆਦਿ ਤਿਆਰ ਕੀਤਾ ਜਾਂਦਾ ਹੈ।
ਨੋਟ: ਆਪਣੇ ਪਸ਼ੂਆਂ ਲਈ ਕੱਲ ਖੜ੍ਹ ਕੇ ਤਿਆਰ ਕਰਵਾਓ।
ਅਹਿਮਦਗੜ੍ਹ ਰੋਡ, ਛਪਾਰ (ਲੁਧਿ:)

98151-84989
76579-97433
RNB BRICKS
Mfrs. of :
Excellent Bricks & Tiles
Near Rakhra Sugar Mill, Rakhra (PTA)

Raj Kumar
98766-50206
Ruby Bansal
93564-47006
Follow us on
RUBY
ICE CREAM
ਤੀਲਾ ਕੁਲਫੀ
ਆਇਸ ਕਰੀਮ
ਆਇਸ ਕਿਊਬ
ਚੁਨਾਗਰਾ ਰੋਡ, ਨੇੜੇ ਸਬਜ਼ੀ ਮੰਡੀ, ਪਾਤੜਾਂ

Prem Kumar
9876340363
Sonu Singla
9876030130
PN PACKER
PRINTER & PACKAGING
MULTICOLOR PRINTING
& TAPE ROLL
Office
Sangrur Road, Vill. Ubhawal.
E-mail
sonusingla29@gmail.com

ਮਿਲਣ ਦਾ ਸਮਾਂ
ਸਵੇਰੇ : 9-00 ਤੋਂ 2-00 ਵਜੇ
ਸ਼ਾਮ : 5-00 ਤੋਂ 7-00 ਵਜੇ
ਡਾ. ਯਸ਼ਪਾਲ ਸਿੰਘ
M.B.B.S., M.S. (E.N.T.)
ਕੰਨ, ਨੱਕ ਅਤੇ ਗਲੇ ਦੇ ਰੋਗਾਂ ਦੇ ਮਾਹਿਰ
ਯਸ਼ ਈ. ਐਨ. ਟੀ. ਹਸਪਤਾਲ
78, ਗਲੀ ਨੰ. 2, ਮਹਿਲ ਮੁਬਾਰਕ ਕਲੋਨੀ, ਸੰਗਰੂਰ
ਫੋਨ : 01672-230774 (ਮੋ) 62849-02821

Munshi
98767-91238
62800-42757
ਜਿੰਨੀ ਰਕਮ ਐਡਵਾਂਸ ਸਾਨੂੰ ਹੋਵੇਗੀ ਉਸ ਦੇ ਰੇਟ ਮੁਤਾਬਿਕ ਹੀ ਇੱਟਾਂ ਦੀ ਸਪਲਾਈ ਕੀਤੀ ਜਾਵੇਗੀ।

BKO President
M. 98144-58343
Rakesh Kumar Singla
President
DISTT. MALERKOTLA B.K.O ASSOCIATION
M/s. Janta B.K.O., Ratolan, Malerkotla-148023 (Pb.)
Resi. : 13, Somsons Colony, Opp. Mandir, Malerkotla
Email : rakeshsinglabko63@gmail.com

Ravinder Kumar
98726-54107
Munshi : 98764-58107
76967-99324
MAA LUXMI BRICK KILN
Manufacturing of Best Quality Bricks & Tiles
Benra Road, Vill. Saron, Teh. & Distt. Sangrur (Pb.)

Munshi : 99141-10288
: 98147-21288
ਭਲਵਾਨ ਵਾਲਿਆਂ ਦਾ ਭੱਠਾ
VANSH BRICKS INDUSTRY
Spl. in : High Class Bricks & Tiles
V. RAJOMAJRA (Near Dhuri) Distt. Sangrur
ਵੈਂਸ਼ ਬਰਿਕਸ ਇੰਡਸਟਰੀ
ਧੂਰੀਂ ਤੋਂ ਰਣੀਕੇ ਰੋਡ, ਪਿੰਡ ਰਾਜੋਮਾਜਰਾ
ਇੱਥੇ ਵਧੀਆ ਕੁਆਲਟੀ ਦੀਆਂ ਇੱਟਾਂ ਅਤੇ ਟਾਇਲਾਂ ਖ਼ਰੀਦਣ ਲਈ ਮਿਲੋ।

Parshotam Dass Singla
M. 94635-11364
M. 99159-20135
Loveneet Singla
M. 98723-25610
M/s. LUXMI B.K.O.
Spl. in : High Class Bricks & Tiles
V. GUJRAN (Sular Gharat) Distt. Sangrur
ਮੈ: ਲਕਸ਼ਮੀ ਬੀ.ਕੇ.ਓ., ਗੁੱਜਰਾਂ (ਸੂਲਰ ਘਰਾਟ)
ਇੱਥੇ ਵਧੀਆ ਕੁਆਲਟੀ ਦੀਆਂ ਇੱਟਾਂ ਅਤੇ ਟਾਇਲਾਂ ਖ਼ਰੀਦਣ ਲਈ ਮਿਲੋ।

ਪ੍ਰੇਮ ਚੰਦ 94174-92530
ਆਸੂ 94631-23970
97806-38704
ਖਿਲੇ ਵਾਲਿਆਂ ਦੀ ਹੱਟੀ
ਮੈਸ. ਰਘੂ ਆਇਰਨ ਸਟੋਰ
ਇੱਥੇ ਸਬਮਰਸੀਬਲ ਪੰਪ, ਟੂਟੀ ਫਿਟਿੰਗ ਦਾ ਸਮਾਨ, ਟਾਇਲਾਂ ਅਤੇ ਪੀ.ਵੀ.ਸੀ. ਪਾਈਪ ਬਜਾਰ ਨਾਲੋਂ ਸਸਤੇ ਰੇਟ ਤੇ ਮਿਲਦੇ ਹਨ।
ਨੇੜੇ ਡਬਲ ਫਾਟਕ, ਸ਼ੇਰਪੁਰ ਰੋਡ, ਧੂਰੀ-148024 (ਪੰਜਾਬ)

Deepak Jindal
098142-58024
YSP
Yogesh Sanitary Palace
Whole Sale & Distributor :
All Types of Tiles, Sanitary & Granite Marbles
(Exclusive Tiles & Granite Showroom)
Dhuri-Kaheu Road, Near Om Dharma Kanda, Dhuri (Distt. Sangrur) Punjab

Avtar K. Goyal
M. 98148 34639
Anish Goyal
M. 70874-57639
AKM Bricks
(Shiv Om Gram Udyog Samiti)
Mfg. of
Best Quality Bricks & Tiles
Vill. Dhablan (Patiala)
Munshi : 98146-12639

M. 98886-00298 80542-00098
Hotel Highway Inn
Restaurant | A.C. Rooms | Party Hall
Sangrur-Dhuri Road, Opp. Classic Grand Resort, Vill. Benra, Dhuri (Sangrur)

Dr. Abhey Bansal
B.D.S., M.I.D.A. (Regd.No. 2665)
Dr. (Mrs.) Nikita Bansal
B.D.S., M.I.D.A. (Regd.No. 2835)
Ex.Lecturer, GND Dental College,Sunam
* Dental X-Ray * Root Canal Treatment
*Ultrasonic Scaling (Cleaning)
* Fixed Teeth (Crown & Bridge)
* Cosmetic Fillings (Tooth Coloured)
* Complete Dentures
* Tooth Extraction
* Orthodontic Treatment
* Oral Surgery (Minor & Major)
BANSAL DENTAL HOSPITAL
IMPLANT & BRACES
Old Anaj Mandi, DHURI (Pb.)
ਬਾਂਸਲ ਦੰਦਾਂ ਦਾ ਹਸਪਤਾਲ, ਸਾਹਮਣੇ ਸੰਗਰੂਰ ਵਾਲੀ ਕੋਠੀ, ਧੂਰੀ
M: 94170-50228, 70093-24867

Mohinder Khattar
Prop.
M. 98770 95760
M. 92162 87595
Bharat Medical Hall
Chemists & Druggists
All type of Medicine available here
OPP. CIVIL HOSPITAL, NABHA - 147 201

ਮੋਬਾ: 98788-91458
ਮੋਬਾ: 78640-00058
ਮਨੋਜ ਕੁਮਾਰ ਸਪੋਲੀਆ
ਸਰਪੰਚ
ਗ੍ਰਾਮ ਪੰਚਾਇਤ ਰਾਜਿੰਦਰਾਪੁਰੀ (ਰੰਚਣਾ)
(ਬਲਾਕ ਧੂਰੀ), ਜ਼ਿਲ੍ਹਾ ਸੰਗਰੂਰ
ਸਾਬਕਾ ਪ੍ਰਧਾਨ, ਦੀ ਧੂਰੀ ਟਰੱਕ ਓਪਰੇਟਰਜ਼ ਐਸੋਸੀਏਸ਼ਨ, ਧੂਰੀ

bike_lover178
ਸਨੀ:78349-92000
Bike Lovers
ਨੋਟ: ਇਲੈਕਟ੍ਰੀਸ਼ਨ ਦਾ ਖਾਸ ਪ੍ਰਬਧ ਹੈ
ਇੱਥੇ ਮੋਟਰਸਾਇਕਲ,ਸਕੂਟਰੀ,ਬੁੱਲਟ, ਅਤੇ ਯਾਮੇ ਦੀ ਰਿਪੇਅਰ ਤੱਸਲੀ ਬਖਸ਼ ਕੀਤੀ ਜਾਂਦੀ ਹੈ
ਪਤਾ: ਸਾਹਮਣੇ ਗਨੇਸ਼ ਮੰਦਿਰ,ਨੇੜੇ ਵੇਰਕਾ ਡੇਅਰੀ ਧੂਰੀ-148024

94172-72962
96970-04000
ਦਿਓਲ ਇੰਟਰਲੋਕ ਟਾਇਲਜ਼
ਨੋਟ: ਇੱਥੇ ਹਰ ਪ੍ਰਕਾਰ ਦੀਆਂ ਟਾਇਲਾਂ ਤਿਆਰ ਕੀਤੀਆਂ ਜਾਂਦੀਆਂ ਹਨ।
ਨੇੜੇ ਨਵੀਂ ਵਾਡ, ਧੂਰੀ ਰੋਡ, ਪਿੰਡ ਸੰਗਾਲ, ਤਹਿ: ਮਾਲੇਰਕੋਟਲਾ-148023 (ਪੰਜਾਬ)

VIVEK MODI
(B.Com, LL.M)
+91 94171-29642
SHRI BALA JI
INDUSTRIES
modiadvocate@yahoo.co.in
Barnala-Bathinda Main Road, Barnala-148101 (Pb.) INDIA

84272-00277
DAVINDER KUMAR BINDA
President
Shri Sanatan Dharam Sabha
(Regd. No. 55) Dhuri
Office : Shri Sanatan Dharam Charitable Hospital, DHURI-148024

Rishabh Bansal
Ashok Kumar
Balaji
89684-06622
94630-33455
BKO : 76962-39960
M/s. Bansal B.K.O. Kauhrian
Deals in : All Kinds of Bricks & Tiles
ਇੱਥੇ JCB ਮਸ਼ੀਨ ਦਾ ਖਾਸ ਪ੍ਰਬੰਧ ਹੈ।
Ubhia Road, Kauhrian (Sangrur)

Parveen Bansal
Mob. : 98159-00829
Ph. : 01679-255049
98723-71650
98781-23201
BBK
BELA B.K.O.
Manufacturers of : Quality Bricks & Tiles
MEHAL KALAN (Barnala)

Dr. Baldeep Sharma (Lucky)
94782-20569
ਭਸੋੜ ਵਾਲਿਆਂ ਦੀ ਦੁਕਾਨ
SHARMA
MEDICOS
Deals in : All Kinds of Chemists, Druggists
VILLAGE HIMTANA, TEH. MALERKOTLA-148023 (PB.)

Mob.: 98155-51107
Munshi 98726-67107
NAHAR SINGH & CO.
Mfg. & Suppliers of : High Class Bricks & Tiles
Vill.RAMGARH (NABHA)

98784-77140 Abhishek Jindal
98153-31835 Ram Lal
98725-82065 Munshi
(ਲੌਂਗੋਵਾਲੀਆਂ ਦਾ ਭੱਠਾ)
M/s. Vijay Kumar BKO
ਪਟਿਆਲਾ ਰੋਡ, ਪਿੰਡ ਖੁਰਾਣਾ (ਸੰਗਰੂਰ)
ਇੱਥੇ ਜਿੰਦਲ ਮਾਰਕਾ ਦੀਆਂ ਵਧੀਆਂ ਇੱਟਾਂ ਅਤੇ ਟਾਇਲਾਂ ਸਸਤੇ ਰੇਟਾਂ ਤੇ ਮਿਲਦੀਆਂ ਹਨ।

ਪੰਜਾਬ ਐਂਡ ਸਿੰਧ ਬੈਂਕ ਮੀਮਸਾ
ਦੇ
ਮੈਨੇਜਰ ਅਤੇ ਸਮੂਹ ਸਟਾਫ ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਚੰਨੋਂ
ਦੇ ਪ੍ਰਿੰਸੀਪਲ ਜਸਪ੍ਰੀਤ ਕੌਰ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਸ਼ਹੀਦ ਮੇਜਰ ਸਿੰਘ ਅਤੇ ਹਰਦੇਵ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੁਆਰਾ
ਦੇ ਪ੍ਰਿੰਸੀਪਲ ਮਨਜੀਤ ਸਿੰਘ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
ਉਭਾਵਾਲਾ (ਸੰਗਰੂਰ)
ਦੇ ਪ੍ਰਿੰਸੀਪਲ ਬਲਜੀਤ ਕੌਰ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਸ੍ਰੀ ਗੁਰੂ ਤੇਗ ਬਹਾਦਰ ਸੀਨੀਅਰ ਸੈਕੰਡਰੀ ਸਕੂਲ
ਕਾਂਝਲਾ
ਦੇ ਪ੍ਰਿੰਸੀਪਲ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਸਰਕਾਰੀ ਹਾਈ ਸਕੂਲ
ਬਮਾਲ (ਸੰਗਰੂਰ)
ਦੇ ਹੈੱਡ ਟੀਚਰ ਗਗਨਦੀਪ ਕੌਰ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਸਰਕਾਰੀ ਪ੍ਰਾਇਮਰੀ ਸਕੂਲ
ਉਭਾਵਾਲਾ (ਸੰਗਰੂਰ)
ਦੇ ਹੈੱਡ ਟੀਚਰ ਸ੍ਰੀ ਨਿਤਨਦੇਵ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਸਰਕਾਰੀ ਹਾਈ ਸਕੂਲ ਸਲਾਰ ਮਲੇਰਕੋਟਲਾ
ਦੇ ਹੈੱਡਟੀਚਰ ਮੁਹੰਮਤ ਬਸੀਰ
ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਸਰਕਾਰੀ ਹਾਈ ਸਮਾਰਟ ਸਕੂਲ
ਮੰਡੀਆਂ
ਦੇ ਪ੍ਰਿੰਸੀਪਲ ਹੈੱਡ ਟੀਚਰ ਸ੍ਰੀਮਤੀ ਨੀਲਮ ਕੁਆਰੀ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ
ਬਨਭੌਰਾ
ਦੇ ਪ੍ਰਿੰਸੀਪਲ ਰੋਹਿਤ ਕੁਮਾਰ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ
ਉਪਲੀ ਚੱਠਾ
ਦੇ ਹੈੱਡਟੀਚਰ ਸੁਨੀਤਾ ਰਾਣੀ
ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਸਰਕਾਰੀ ਹਾਈ ਸਮਾਰਟ ਸਕੂਲ
ਈਨਾ ਬਾਜਵਾ
ਦੇ ਮੁੱਖ ਅਧਿਆਪਕ ਮਿਦਰ ਪ੍ਰਤਾਪ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ
ਸੇਰਪੁਰ
ਦੇ ਪ੍ਰਿੰਸੀਪਲ ਕੁਲਵਿੰਦਰ ਕੌਰ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ
ਦਿੱਲੀਗੇਟ
ਦੇ ਪ੍ਰਿੰਸੀਪਲ ਆਰਤੀ ਗੁਪਤਾ
ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਪੀ. ਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
ਫਰਵਾਹੀ (ਬਰਨਾਲਾ)
ਦੇ ਪ੍ਰਿੰਸੀਪਲ ਨੀਦਾ ਅਲਤਾਫ
ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ
ਲਸੋਈ (ਮਲੇਰਕੋਟਲਾ)
ਦੇ ਪ੍ਰਿੰਸੀਪਲ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ
ਖਾਨਪੁਰ ਮਲੇਰਕੋਟਲਾ
ਦੇ ਪ੍ਰਿੰਸੀਪਲ
ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
ਨਾਰੀਕੇ
ਦੇ ਪ੍ਰਿੰਸੀਪਲ, ਸਮੂਹ ਸਟਾਫ
ਅਤੇ ਵਿਦਿਆਰਥੀਆਂ ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ
ਅਮਰਗੜ੍ਹ
ਦੇ ਪ੍ਰਿੰਸੀਪਲ ਸ. ਕੁਲਵੰਤ ਸਿੰਘ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਸ੍ਰੀ ਰਾਧੇ ਕੁੰਜ ਰਾਇਸ ਮਿਲ ਭਸੌੜ ਧੂਰੀ ਮਲੇਰਕੋਟਲਾ ਰੋਡ ਲਿੰਕ ਹਿਮਤਾਣਾ ਨੂੰ ਜਾਣਵਾਲੀ ਸੜਕ ਤੇ ਸਥਿਤ
ਪ੍ਰੋ: ਅੱਸਰ ਕੁਮਾਰ- 98140-11727 ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਸਰਕਾਰੀ ਹਾਈ ਸਮਾਰਟ ਸਕੂਲ
ਬਨਭੌਰੀ (ਸੰਗਰੂਰ)
ਦੇ ਹੈੱਡ ਟੀਚਰ ਜਾਹਿਦ ਸਫੀਕ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਦਰਸਨ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਲਵਾਨ
ਦੇ ਪ੍ਰਿੰਸੀਪਲ, ਸਮੂਹ
ਸਟਾਫ ਅਤੇ ਵਿਦਿਆਰਥੀਆਂ ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਦਸਮੇਸ਼ ਪਬਲਿਕ ਹਾਈ ਸਕੂਲ
ਕੁਠਾਲਾ (ਮਲੇਰਕੋਟਲਾ)
ਦੇ ਡਾਇਰੈਕਟਰ ਦੀਦਾਰ ਸਿੰਘ ਢੀਂਡਸਾ
ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ
ਛਿਟਾਂਵਾਲਾ
ਦੇ ਪ੍ਰਿੰਸੀਪਲ, ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ
ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ ਜੀ

ਸਰਕਾਰੀ ਹਾਈ ਸਮਾਰਟ ਸਕੂਲ
ਪਲਾਸੌਰ (ਸੰਗਰੂਰ)
ਵੱਲੋਂ ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ ਜੀ
ਛੇਵੀਂ ਤੋਂ ਦਸਵੀਂ ਜਮਾਤ ਤੱਕ
ਅੰਗਰੇਜ਼ੀ ਅਤੇ ਪੰਜਾਬੀ ਮਾਧਿਅਮ

ਪ੍ਰਿੰਸੀਪਲ ਅਤੇ ਸਮੂਹ ਸਟਾਫ

ਸਰਕਾਰੀ ਸੀਨੀਅਰ ਸੈਕੰਡਰੀ
ਸਮਾਰਟ ਸਕੂਲ, ਟਿੱਬਾ
ਵੱਲੋਂ ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ ਜੀ
ਛੇਵੀਂ ਤੋਂ ਬਾਰਵੀਂ ਜਮਾਤ ਤੱਕ
ਅੰਗਰੇਜ਼ੀ ਅਤੇ ਪੰਜਾਬੀ ਮਾਧਿਅਮ
ਉਜਾਗਰ ਸਿੰਘ (ਪ੍ਰਿੰਸੀਪਲ) ਅਤੇ ਸਮੂਹ ਸਟਾਫ

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ
ਸਮਾਰਟ ਪਿੰਡ ਬਾਲੀਆਂ, ਵਾ: ਲੌਂਗੋਵਾਲ (ਸੰਗਰੂਰ)
ਵੱਲੋਂ ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ ਜੀ
ਛੇਵੀਂ ਤੋਂ ਬਾਰ੍ਹਵੀਂ ਜਮਾਤ ਤੱਕ
ਪੰਜਾਬੀ ਅਤੇ ਅੰਗਰੇਜ਼ੀ ਮਾਧਿਅਮ
ਹੋਰ ਵਧੇਰੇ ਜਾਣਕਾਰੀ ਅਤੇ ਵੱਧ ਤੋਂ ਵੱਧ ਦਾਖ਼ਲੇ ਲਈ ਸੰਪਰਕ ਕਰੋ : ਦਫ਼ਤਰ

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ
ਬਾਬਰਪੁਰ (ਪਟਿਆਲਾ)
ਦੇ ਪ੍ਰਿੰਸੀਪਲ ਸੈਲੇਦਰ ਸਰਮਾ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ
ਵੱਲੋਂ ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ
ਮੋ : 98148-17601

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ
ਘਨੌਰੀ ਕਲਾਂ
ਦੇ ਪ੍ਰਿੰਸੀਪਲ ਸੁਖਦੀਪ ਗੋਇਲ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ
ਵੱਲੋਂ ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ ਜੀ
ਮੋ : 98785-10979

ਸਰਕਾਰੀ ਪ੍ਰਾਇਮਰੀ ਸਕੂਲ
ਫਰਵਾਹੀ (ਸੰਗਰੂਰ)
ਦੇ ਹੈੱਡ ਟੀਚਰ ਨਿਰਮਤ ਕੌਰ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ
ਵੱਲੋਂ ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ ਜੀ
ਮੋ : 98765-93569

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਬਾਗੜੀਆਂ)
ਪ੍ਰਿੰਸੀਪਲ ਨਰੇਸ਼ ਕੁਮਾਰ ਅਤੇ ਸਮੂਹ ਸਟਾਫ ਤੇ ਵਿਦਿਆਰਥੀਆਂ
ਵੱਲੋਂ ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ ਦੀਵਾਲੀ
ਅਤੇ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ ਜੀ
ਸੰਪਰਕ ਨੰਬਰ : 9501654100

ਸਰਕਾਰੀ ਹਾਈ ਸਮਾਰਟ ਸਕੂਲ ਭਿੰਡਰਾਂ
ਵੱਲੋਂ ਆਪ ਜੀ ਅਤੇ ਆਪ ਜੀ ਦੇ ਪਰਿਵਾਰ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ ਜੀ
ਛੇਵੀਂ ਤੋਂ ਦਸਵੀਂ ਜਮਾਤ ਤੱਕ
ਅੰਗਰੇਜ਼ੀ ਅਤੇ ਪੰਜਾਬੀ ਮਾਧਿਅਮ
ਵੱਲੋਂ : ਹੈਡ ਮਿਸਟ੍ਰੈਸ ਅਤੇ ਸਮੂਹ ਸਟਾਫ, ਸਮੂਹ ਐਸ ਐਮ ਸੀ, ਸਰਪੰਚ ਅਤੇ ਗ੍ਰਾਮ ਪੰਚਾਇਤ, ਪਿੰਡ ਭਿੰਡਰਾਂ (ਸੰਗਰੂਰ)
ਗੀਤੂ ਰਾਣੀ (ਹੈਡ ਮਿਸਟ੍ਰੈਸ) 98151 70693

